੧ੴ ਵਾਹਿਗੁਰੂ ਜੀ ਕੀ ਫ਼ਤਹ

ਮਾਸਿਕ ਪੱਤਰ


# ਸੂਰਾ

ਲੁਧਿਆਣਾ

ਮਾਰਚ 2000

SURA Monthly
LUDHIANA

March 2000



## ਕਿਲ੍ਹਾ ਹੋਲਗੜ੍ਹ ਸਾਹਿਬ, ਅਗੰਮਪੁਰ, ਅਨੰਦਪੁਰ ਸਾਹਿਬ।

ਇਸ ਅਸਥਾਨ 'ਤੇ ਦੀਵਾਨ ਸਜਾ ਕੇ ਦਸਵੇਂ ਪਾਤਸ਼ਾਹ ਨੇ ਹੋਲੇ ਮਹੱਲੇ ਦੀ ਰੀਤ ਚਲਾਈ।

www.AKJ.org



ਹਿੰਦੁਸਤਾਨ ਦੀ ਆਜ਼ਾਦੀ ਲਈ ਹੱਸ ਕੇ ਫਾਂਸੀ ਦਾ ਰੱਸਾ ਚੁੰਮਣ ਵਾਲੇ ਸ੍ਰ: ਭਗਤ ਸਿੰਘ ਜੀ ਸ਼ਹੀਦ ਜਿਨ੍ਹਾਂ ਨੇ ਆਖਰੀ ਦਿਨਾਂ ਵਿਚ ਭਾਈ ਰਣਧੀਰ ਸਿੰਘ ਜੀ ਦੀ ਪ੍ਰੇਰਨਾ ਸਦਕਾ ਸਿੱਖੀ ਸਰੂਪ ਧਾਰਨ ਕਰ ਲਿਆ ਸੀ।

[illegible] ਨੂੰ ਦੋ ਹੋ[illegible] ਸਮੇਤ 23 ਮਾਰਚ 1931 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਦਿੱਤੀ ਗਈ।

www.AKJ.Org

[ਜਾ] ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

# ਸੂਰਾ

ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

*** Read SURA at Internet : www.surainternational.com ***

ਜਿਲਦ ੩੩ ਮਾਰਚ ੨੦੦੦ ਅੰਕ ੩

## ਗੁਰਪੁਰਬ ਤੇ ਇਤਿਹਾਸਕ ਦਿਹਾੜੇ

(ਨਾਨਕਸ਼ਾਹੀ ਕਲੰਡਰ ਅਨੁਸਾਰ)

| | |
|---|---|
| ਸ਼ਹੀਦੀ ਭਾਈ ਤਾਰਾ ਸਿੰਘ ਪਿੰਡ ਵਾਂ- | ੫ ਮਾਰਚ |
| ਸ਼ਹੀਦੀ ਅਕਾਲੀ ਫੂਲਾ ਸਿੰਘ ਜੀ- | ੧੪ ਮਾਰਚ |
| ਜਨਮ ਦਿਵਸ ਭਾਈ ਮੋਹਕਮ ਸਿੰਘ ਜੀ (ਪੰਜ ਪਿਆਰਿਆਂ ਚੋਂ)- | ੧੮ ਮਾਰਚ |
| ਹੋਲਾ ਮਹੱਲਾ- | ੨੧ ਮਾਰਚ |

## ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ ਸਾਲਾਨਾ | | 40 ਰੁ: |
| ਅਮਾਨਤੀ ਲਾਈਫ਼ ਮੈਂਬਰ | | 400ਰੁ: |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 140ਰੁ: | 400ਰੁ: |
| ਅਮਾਨਤੀ ਲਾਈਫ਼ ਮੈਂਬਰ | 1400ਰ: | 4000ਰੁ: |

## ਚੰਦਾ ਭੇਜਣ ਦਾ ਪਤਾ

ਸੂਰਾ ਮਾਸਿਕ ਪੱਤਰ ਗੁ: ਸਿੰਘ ਸਭਾ
ਮਾਡਲ ਟਾਊਨ, ਲੁਧਿਆਣਾ-141002
Tel : 0161-428194
Fax : 0161-536340, 532147

ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਟਾਈਟਲ ਡਿਜ਼ਾਈਨ : ਜਸਬੀਰ ਸਿੰਘ ਲੁਧਿਆਣਾ

ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ (ਇੰਡੀਆ)
ਡੀ-93, ਬਲਾਕ-16, ਪਾਹਵਾ ਰੋਡ, ਲੁਧਿਆਣਾ 141 003

## ਤਤਕਰਾ

○ ਅਦ੍ਰਿਸ਼ਟ ਵਾਹਿਗੁਰੂ ਦਾ ਪ੍ਰਕਾਸ਼ ਸੱਚੇ ਸਤਿਗੁਰੂ ਦੁਆਰਾ........ ੨
○ ਜਤ-ਸਤ ਸੰਜਮ........ ੪
○ ਗੁਰ ਸਤਿਗੁਰ ਕਾ ਜੋ ਸਿਖ ਅਖਾਏ........ ੭
○ ਗੁਰੂ ਨਾਨਕ ਮਾਰਗ ਦੀ ਖਾਸ ਵਿਸ਼ੇਸ਼ਤਾ........ ੧੦
○ ਹੋਲੀ ਤੋਂ ਹੋਲਾ ਮਹੱਲਾ........ ੧੪
○ ਸੰਤ ਸਿਪਾਹੀ ਭਾਈ ਤਾਰਾ ਸਿੰਘ ਵਾਂ........ ੧੬
○ ਗੁਲਾਮ ਹੋਲੀ ਦੀ ਥਾਂ ਸੁਤੰਤਰ ਹੋਲਾ........ ੧੮
○ ਅਮੋਲ ਰਤਨ........ ੨੧
○ ਅਰਦਾਸ ਦੇ ਗੁਣ........ ੨੪
○ ਸਿਖ ਯੁਵਕ ਅਤੇ ਹਿੰਦੂ ਮੱਤ........ ੨੫
○ ਵਾਹਿਗੁਰੂ ਗੁਰ ਮੰਤ੍ਰ ਕਿਵੇਂ ਹੈ........ ੨੬
○ ਅਕਾਲੀ ਫੂਲਾ ਸਿੰਘ........ ੨੭
○ ਸਲੋਕ ਭਗਤ ਕਬੀਰ ਜੀਉ ਦੇ (Translation)........ ੩੩
○ ਕਰਮ ਫ਼ਿਲਾਸਫ਼ੀ........ ੩੪
○ ਅਖੰਡ ਕੀਰਤਨੀ ਜੱਥੇ ਦੇ ਸਿੰਘ ਸਿੰਘਣੀਆਂ ਦੇ ਵਿਚਾਰਨਯੋਗ........ ੩੭
○ ਸੂਰਾ ਦੇ ਸੇਵਾਦਾਰਾਂ ਦੀ ਸੂਚੀ........ ੩੯
○ ਆਉਣ ਵਾਲੇ ਕੀਰਤਨ ਸਮਾਗਮ........ ੪੦

ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।



www.AKJ.Org

# ਅਦ੍ਰਿਸ਼ਟ ਵਾਹਿਗੁਰੂ ਦਾ ਪ੍ਰਕਾਸ਼ ਸੱਚੇ ਸਤਿਗੁਰੂ ਦੁਆਰਾ ਹੀ

(ਸਚਖੰਡ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ)

ਗੁਰੂ ਨਾਨਕ ਸਾਹਿਬ ਦੀ ਅਸਾਂ ਕਲਜੁਗੀ ਜੀਵਾਂ ਉਤੇ ਅਪਾਰ ਨਦਰ ਮੇਹਰ ਹੋਈ ਕਿ ਧੁਰ ਵਾਹਿਗੁਰੂ ਦੀ ਦਰਗਾਹੋਂ 'ਵਾਹਿਗੁਰੂ' ਸਰੂਪ ਗੁਰਮੰਤਰ ਲਿਆਂਦਾ, ਜਿਸ ਦੇ ਬਿਹੂਣ ਸਾਰਾ ਜਗਤ ਸੰਸਾਰ ਬਉਰਾਨਾ (ਕਮਲਾ) ਹੋਇਆ ਪਇਆ ਸੀ। ਹੁਣ ਭੀ ਬਉਰਾਨਾ ਹੀ ਹੈ, ਜੈਸੇ ਕਿ ਗੁਰਵਾਕ ਦਾ ਭਾਵ ਹੈ-

"ਸਬਦ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ"॥੮॥ (ਸੋਰਠਿ ਮ: ੧, ਪੰਨਾ ੬੩੫)

ਧੰਨ ਗੁਰੂ ਨਾਨਕ ਸਾਹਿਬ, ਜਿਨ੍ਹਾਂ ਦੇ ਧੁਰੋਂ ਵਾਹਿਗੁਰੂ ਦੀ ਦਰਗਾਹੋਂ ਵਾਹਿਗੁਰੂ ਸਰੂਪ ਗੁਰ-ਮੰਤਰ ਗੁਰ ਸ਼ਬਦ ਲਿਆਉਣ ਕਰਕੇ, ਇਸੇ ਗੁਰ-ਸ਼ਬਦ ਦੇ ਪ੍ਰਤਾਪ ਕਰਕੇ ਅਤੇ ਗੁਰੂ ਨਾਨਕ ਸਾਹਿਬ ਦੀਆਂ ਨਦਰ ਮੇਹਰਾਂ ਸਦਕੇ, ਸ਼ਬਦ ਅਭਿਆਸ ਕਮਾਈਆਂ ਦੀ ਬਰਕਤ ਨਾਲ 'ਅਦ੍ਰਿਸ਼ਟ ਵਾਹਿਗੁਰੂ', ਕਮਾਈਆਂ ਕਰਨਹਾਰੇ ਗੁਰਸਿਖਾਂ ਦੇ ਘਟ ਅੰਤਰ ਹੀ ਜੋਤਿ ਪਰਜੁਲਤੀ ਹੋ ਕੇ ਪਰਤੱਖ ਪ੍ਰਕਾਸ਼ਮਾਨ ਹੋ ਜਾਂਦਾ ਹੈ, ਜੈਸੇ ਕਿ ਇਸ ਅਗਲੇਰੇ ਗੁਰਵਾਕ ਦੀ ਪੰਗਤੀ ਦਾ ਭਾਵ ਹੈ-

ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੈ ਨਿਧਿ ਪਾਈ॥੨੨॥ (ਰਾਮਕਲੀ ਮ: ੩ ਪੰਨਾ ੬੧੦)

ਭਾਵ, ਗੁਰੂ ਨਾਨਕ ਸਾਹਿਬ ਜੀ ਦੇ ਬਖ਼ਸ਼ੇ ਹੋਏ ਮੂਲਮੰਤਰ ਦੇ ਤੁਫ਼ੈਲ ਵਾਹਿਗੁਰੂ-ਦਰਸ਼ਨਾਂ ਦੇ ਖੋਜੀ ਗੁਰਮੁਖਿ ਜਗਿਆਸੂ ਨੇ ਇਸ ਦੇਹ ਰੂਪੀ ਨਗਰੀ (ਘਟ) ਅੰਦਰ ਹੀ ਜੋਤਿ ਸਰੂਪੀ ਵਾਹਿਗੁਰੂ ਨੂੰ ਅਭਿਆਸ-ਸ਼ਕਤੀ ਨਾਲ ਖੋਜ ਕੇ ਲਭ ਲੈਂਦਾ ਹੈ, ਗੁਰਸ਼ਬਦ ਦੀਆਂ ਅਭਿਆਸ ਕਮਾਈਆਂ ਕਰਦੇ ਕਰਦੇ ਘਟ ਅੰਦਰੋਂ ਹੀ ਜੋਤਿ ਪ੍ਰਕਾਸ਼ੀ-ਨਾਮ-ਨਵਨਿਧੀ ਦੀਪਕ ਪ੍ਰਕਾਸ਼ ਕਰ ਲੈਂਦਾ ਹੈ। ਗੁਰ ਨਾਨਕ ਸਾਹਿਬ ਜੀ ਦੇ ਬਖ਼ਸ਼ੇ ਹੋਏ ਸ਼ਬਦ ਗੁਰਮੰਤਰ ਦੇ ਪ੍ਰਤਾਪ ਨਾਲ ਨਦਰ-ਕਮਾਈਆਂ ਕਰਦੇ ਕਰਦੇ ਜੋ ਘਟ ਅੰਦਰ ਹੀ ਜੋਤਿ ਪ੍ਰਕਾਸ਼ ਹੋ ਜਾਣੀ ਹੈ, ਉਹ ਨਾਮ ਰੂਪੀ ਅਜਿਹਾ ਜੋਤਿ ਪ੍ਰਜੁਲਤੀ ਦੀਪਕ ਪ੍ਰਕਾਸ਼ਤ ਹੋ ਜਾਣਾ ਹੈ, ਜਿਸ ਦੇ ਤੁਲ ਸੰਸਾਰਕ ਨਵ ਨਿਧੀਆਂ ਸਿਧੀਆਂ ਸਭ ਮਾਤ ਹਨ। ਗੁਰਸਿਖੀ ਗੁਰਮੁਖੀ ਲਈ ਇਹੋ ਜੋਤਿ ਪ੍ਰਜੁਲਤੀ ਪ੍ਰਕਾਸ਼ਤ ਹੋਇਆ ਨਾਮ ਹੀ ਸਚੀ ਨਵ-ਨਿਧੀ ਹੈ। ਇਸ ਨਵ-ਨਵੇਲੜੀ ਅਤੇ ਸਹਿਜ ਸੁਹੇਲੜੀ ਸਦ ਸ਼ਗੁਫ਼ਤਨੀ ਨਾਮ-ਨਿਰਬਾਣ ਮਈ ਸਚੀ ਨਿਧੀ ਦੇ ਪ੍ਰਤਾਪ ਨਾਲ, ਜੋ ਖੋਜੀ ਗੁਰਮੁਖਿ ਜਨਾਂ ਨੇ ਘਟ ਅੰਤਰ ਹੀ ਪਾਇ ਰਖੀ ਹੈ, ਹੋਰ ਦ੍ਰਿਸ਼ਟਮਾਨ ਦੁਬਿਧਾ ਮਈ ਕੂੜਾਵੀ ਆਸਾ ਮਨਸਾ ਰੂਪੀ ਦੁਰਮਤਿ ਬੁਧੀ ਨੂੰ ਉਕਾ ਹੀ ਮਿਟਾਇ ਦੇਣਾ ਹੈ ਅਤੇ ਇਸ ਨੂੰ ਮਿਟਾਇ ਕੇ ਗੁਰਮੁਖਿ ਖੋਜੀਆਂ ਦਾ ਮਨ ਸਦਾ ਸਹਿਜ ਲਿਵਤਾਰ ਵਿਖੇ ਹੀ ਜੁੜੇ ਰਹਿਣਾ ਹੈ। ਇਸ ਸਹਿਜ ਲਿਵਤਾਰੀ ਗੁਰਮਤਿ ਅਭਿਆਸ ਵਿਖੇ ਮਜਜ਼ੂਬ (ਲੀਨ) ਹੋ ਕੇ ਰਸਨਾ ਦੁਆਰਾ ਸ਼ਬਦ ਗੁਰਮੰਤਰ ਉਚਾਰਨ ਦੀ ਲੋੜ ਨਹੀਂ ਰਹਿਣੀ। ਸੱਚੀ ਸਿਫ਼ਤ ਸਲਾਹ ਅੰਤਰਗਤੀ ਸੁਤੇ ਸੁਭਾਵ ਹੀ ਵਾਹਿਗੁਰੂ-ਮਿਲਾਪ ਨਾਲ ਹੀ ਹੁੰਦੀ ਰਹਿਣੀ ਹੈ। ਯਥਾ ਗੁਰਵਾਕ ਦੀ ਅਗਲੀ ਪੰਗਤੀ–

ਮਨਸਾ ਮਾਰਿ ਮਨੁ ਸਹਜਿ ਸਮਾਣਾ, ਬਿਨੁ ਰਸਨਾ ਉਸਤਤਿ ਕਰਾਈ ॥੨੩॥

ਇਸ ਲਿਵਤਾਰੀ ਵਾਹਿਗੁਰੂ-ਮਿਲਾਪ-ਸਹਿਜ-ਬਿਵਸਥਾ ਵਿਖੇ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨ ਕਰਨਹਾਰਿਆਂ ਦੇ ਲੋਇਣ ਇਕ-ਟਕ ਬਿਸਮਾਦੀ ਵਾਹਿਗੁਰੂ ਦੇ ਪਰਤੱਖ ਦਰਸ਼ਨ ਕਰਨਹਾਰੇ ਹੀ ਹੋ ਜਾਂਦੇ ਹਨ। ਇਥੇ ਪੁਜ ਕੇ ਉਨ੍ਹਾਂ ਦੀ ਚਿਤ-ਬਿਰਤੀ ਸਹਿਜ ਸੁਰਤੀ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨ ਵਿਚ ਹੀ ਲਗੀ ਰਹਿੰਦੀ ਹੈ, ਇਕ ਖਿਨ ਭੀ ਲਾਂਭੇ ਨਹੀਂ ਹੁੰਦੀ। ਯਥਾ ਅਗਲੇਰੀ ਪੰਗਤੀ–

ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ ॥੨੪॥

ਇਹ ਅਦ੍ਰਿਸ਼ਟ ਵਾਹਿਗੁਰੂ ਆਪਣੀ ਹਮਾ ਮਉਸੂਫ਼ (ਅਨੂਪਮ) ਸਿਫ਼ਤ ਦੁਆਰਾ ਸਦਾ ਨਿਰਾਲਮ ਹੀ ਰਹਿੰਦਾ ਹੈ। ਜੋਤਿ ਸ਼ਗੁਫ਼ਤੀਏ (ਵਿਗਾਸੀ) ਗੁਰਮੁਖਿ ਖੋਜੀ ਜਨ ਦੀ ਬਿਰਤੀ ਜੋਤਿ ਸਰੂਪੀ ਵਾਹਿਗੁਰੂ ਵਿਚ ਹੀ ਸਮਾਈ ਰਹਿੰਦੀ ਹੈ। ਯਥਾ- ਅਦ੍ਰਿਸਟ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ॥੨੫॥

ਇਹ ਸਾਰਾ ਪ੍ਰਤਾਪ ਗੁਰੂ ਨਾਨਕ ਸਾਹਿਬ ਦੀ ਬਖ਼ਸ਼ੀ ਹੋਈ ਗੁਰਮਤਿ ਸਿਫ਼ਤ ਸਾਲਾਹ ਦਾ ਸਦਕਾ



www.AKJ.Org

ਹੀ ਹੈ। ਐਸੇ ਵਾਹਿਗੁਰੂ ਸਰੂਪ ਗੁਰ-ਸ਼ਬਦ ਦੀ ਸਿਫ਼ਤ ਸਾਲਾਹ, ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨ ਕਰਨਹਾਰਾ ਖੋਜੀ ਜਨ ਸਦਾ ਹੀ ਕਰਦਾ ਰਹਿੰਦਾ ਹੈ । ਕਰੇ ਭੀ ਕਿਉਂ ਨਾ, ਉਸ ਨੂੰ ਸਰਦਾ ਹੀ ਨਹੀਂ ਇਸ ਸਿਫ਼ਤ ਸਲਾਹੀ ਲਿਵਤਾਰ ਬਿਹੂਣ। ਯਥਾ- **ਹਉ ਗੁਰੁ ਸਾਲਾਹੀ ਸਦਾ ਆਪਣਾ ਜਿਨਿ ਸਾਚੀ ਬੂਝ ਬੁਝਾਈ ॥੨੬॥**

ਇਹ ਸਾਚੀ ਬੂਝ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨਾਂ ਦੀ ਗੁਰੂ ਨਾਨਕ ਸਾਹਿਬ ਦੇ ਦ੍ਰਿੜ੍ਹਾਏ ਦਰਸਾਏ ਗੁਰ-ਸ਼ਬਦ ਮੰਤਰ ਦੁਆਰਾ ਹੀ ਬੁਝੀ ਜਾਂਦੀ ਹੈ। ਇਹ ਸਾਚੀ ਗਤਿ ਕਲਿਆਣ-ਮਈ ਸਚੀ ਵਾਹਿਗੁਰੂ-ਦਰਸ਼ਨਾਂ ਦੀ ਪ੍ਰਾਪਤੀ ਵਾਲੀ ਪਤਿ-ਪ੍ਰਤਿਸ਼ਨਟਾ ਗੁਰ ਨਾਨਕ ਸਾਹਿਬ ਦੇ ਦਰਸਾਏ ਗੁਰ-ਸ਼ਬਦ ਮੰਤਰ ਦੁਆਰਾ ਹੀ ਪ੍ਰਾਪਤਿ ਹੁੰਦੀ ਹੈ, ਜਿਸ ਕਰਕੇ ਇਸ ਸਿਫ਼ਤ ਸਲਾਹ ਰੂਪੀ ਸਚੀ ਅਰਦਾਸ ਬੇਨਤੀ ਨੂੰ ਵਾਹਿਗੁਰੂ-ਦਰਸ਼ਨਾਂ ਨੂੰ ਪ੍ਰਾਪਤਿ ਹੋਇਆ, ਗੁਰ ਨਾਨਕ ਸਾਹਿਬ ਜੀ ਦਾ ਵਰੋਸਾਇਆ ਹੋਇਆ ਗੁਰਮੁਖਿ ਜਨ ਛਡ ਹੀ ਨਹੀਂ ਸਕਦਾ। ਜੈਸਾ ਕਿ ਅਗਲੀ ਗੁਰ-ਪੰਗਤੀ ਦਾ ਭਾਵ ਹੈ- ਯਥਾ ਗੁਰਵਾਕ–

ਨਾਨਕੁ ਏਕੁ ਕਹੈ ਬੇਨੰਤੀ ਨਾਵਹੁ ਗਤਿ ਪਤਿ ਪਾਈ ॥੨੭॥ (ਰਾਮਕਲੀ ਮ: ੩, ਪੰਨਾ ੯੧੦)

ਏਸੇ ਇਕੋ ਸਿਫਤ ਸਲਾਹ ਮਈ ਅਰਦਾਸ ਬੇਨਤੀ ਰਟੀ ਜਾਣ ਵਿਚ ਹੀ ਗੁਰੂ ਨਾਨਕ ਸਾਹਿਬ ਦੇ ਦਰੋਂ ਘਰੋਂ, ਗੁਰ ਨਾਨਕ ਸਾਹਿਬ ਜੀ ਦਾ ਵਰੋਸਾਇਆ ਹੋਇਆ ਗੁਰਮੁਖਿ, ਸਿਫ਼ਤ-ਸਾਲਾਹੀ-ਜਨ ਜੁਟਿਆ ਹੀ ਰਹਿੰਦਾ ਹੈ। ਇਸ ਉਪਰ ਲਿਖੇ ਗੁਰਮਤਿ ਭਾਵ ਤੋਂ ਇਹ ਸਿਧ ਹੋਇਆ ਕਿ ਕੇਵਲ ਗੁਰ ਨਾਨਕ ਸਾਹਿਬ ਜੀ ਦੁਆਰਾ ਦ੍ਰਿੜ੍ਹਾਈ ਦਰਸਾਈ ਗੁਰ-ਸ਼ਬਦ ਦੀ ਅਭਿਆਸ ਕਮਾਈ ਹੀ ਫਲੀਭੂਤ ਹੁੰਦੀ ਹੈ। ਅਜਿਹੇ ਗੁਰੂ ਨਾਨਕ ਸਾਹਿਬ ਦੇ ਦਰੋਂ ਘਰੋਂ ਵਰੋਸਾਏ ਹੋਏ ਗੁਰਮੁਖ ਜਨ ਕਦੇ ਭੀ ਹੋਰਸ ਦ੍ਰਿਸ਼ਟਮਾਨ ਪਦਾਰਥਾਂ ਵਿਚ ਲਪਿਟਾਏਮਾਨ ਨਹੀਂ ਹੁੰਦੇ। ਬਲਕਿ ਇਨ੍ਹਾਂ ਦ੍ਰਿਸ਼ਟਮਾਨ ਪਦਾਰਥਾਂ ਦੀ ਲਿਪਾਏਮਾਨਤਾ ਤੋਂ ਸਦਾ ਅਪਰੰਪਰ ਰਹਿੰਦੇ ਹਨ।

ਗੁਰੂ ਨਾਨਕ ਸਾਹਿਬ ਦੀ ਨਦਰ-ਦ੍ਰਿਸ਼ਟੀ ਤੋਂ ਘੁਥੇ ਸਾਰੇ ਸੰਸਾਰੀ ਜੀਵ ਦ੍ਰਿਸ਼ਟਮਾਨ ਦੀ ਪੂਜਾ ਵਿਚ ਲਗੇ ਰਹਿੰਦੇ ਹਨ, ਜਿਸ ਤੋਂ ਕੱਖ ਵੀ ਪ੍ਰਾਪਤ ਨਹੀਂ ਹੁੰਦਾ। ਜਿਤਨੇ ਭੀ ਆਨਮਤੀ ਸਿਧ ਸਾਧਕ ਤਪਸੀ ਮੁਨੀ ਜੋਗੀ ਹੋਏ ਹਨ, ਸਾਰੇ ਤ੍ਰੈਗੁਣੀ ਦ੍ਰਿਸ਼ਟਮਾਨ ਮਾਇਆ ਵਿਚ ਹੀ ਭਰਮਦੇ ਰਹੇ ਹਨ। ਇਹ ਕੇਵਲ ਗੁਰੂ ਨਾਨਕ ਸਾਹਿਬ ਦੇ ਦਰ ਘਰ ਤੋਂ ਵਰੋਸਾਏ ਹੋਏ ਗੁਰਮੁਖਿ ਜਨ ਹੀ ਹਨ, ਜੋ ਇਸ ਤ੍ਰੈਗੁਣੀ ਦ੍ਰਿਸ਼ਟਮਾਨ ਮਾਇਆ ਮਈ ਰਹਿਤ ਰਹਿਣੀ ਤੋਂ ਨਿਰਾਲੇ ਹੀ ਰਹਿੰਦੇ ਹਨ, ਜੈਸੇ ਕਿ ਅਗਲੇ ਗੁਰਵਾਕ ਪੰਗਤੀ ਦਾ ਭਾਵ ਹੈ-

ਤ੍ਰੈਗੁਣ ਰਹਤ ਰਹੈ ਨਿਰਾਰੀ ਸਾਧਿਕ ਸਿਧ ਨ ਜਾਨੈ ..... ॥੧॥ (ਰਾਮਕਲੀ ਮ: ੫ ਪੰਨਾ ੮੮੩)

ਇਹ ਕੇਵਲ ਗੁਰੂ ਨਾਨਕ ਰੂਪੀ ਸੱਚੇ ਸਤਿਗੁਰੂ ਦੇ ਅੰਮ੍ਰਿਤ-ਭਰਪੂਰ-ਲੀਣੇ ਖ਼ਜਾਨੇ (ਭੰਡਾਰ) ਨੂੰ ਹੀ ਤੌਫ਼ੀਕ ਹੈ ਕਿ ਇਸ ਦੇ ਜ਼ਰੀਏ ਜਗਿਆਸੂ ਜਨ ਅਦ੍ਰਿਸ਼ਟ ਵਾਹਿਗੁਰੂ ਦੇ ਸੱਚੇ ਦਰਸ਼ਨਾਂ ਦਾ ਅਧਿਕਾਰੀ ਅਤੇ ਪੁਜਾਰੀ ਬਣਦਾ ਹੈ। ਗੁਰੂ ਨਾਨਕ ਸੱਚੇ ਪਾਤਸ਼ਾਹ ਦੇ ਅੰਮ੍ਰਿਤ-ਭਰਪੂਰੀ ਖ਼ਜਾਨੇ ਦੀ ਹੀ ਸਚੀ ਵਡਿਆਈ ਹੈ ਕਿ ਦਿਸ਼ਟਮਾਨ ਤ੍ਰੈਗੁਣੀ ਪਦਾਰਥਾਂ ਦੀ ਪੂਜਾ ਨੂੰ ਛੱਡ ਕੇ, ਗੁਰਮੁਖ ਖੋਜੀ ਜਨ ਉਸ ਅੰਮ੍ਰਿਤ ਮਈ ਸੰਪੂਰਨ ਖ਼ਜਾਨੇ ਦਾ ਮਾਲਕ ਬਣ ਜਾਂਦਾ ਹੈ, ਜੋ ਉਸ ਨੂੰ ਸੱਚੇ ਅਦ੍ਰਿਸ਼ਟ ਪ੍ਰਮਾਰਥੀ ਪਦਾਰਥ ਦਾ ਸੱਚਾ ਉਪਾਸ਼ਕ ਅਤੇ ਆਸ਼ਕ ਬਣਾ ਦੇਂਦੀ ਹੈ। ਜੈਸਾ ਕਿ ਅਗਲੀ ਗੁਰਪੰਗਤੀ ਦਾ ਭਾਵ ਹੈ। ਯਥਾ -

**ਰਤਨ ਕੋਠੜੀ ਅੰਮ੍ਰਿਤ ਸੰਪੂਰਨ ਸਤਿਗੁਰ ਕੈ ਖਜਾਨੈ ॥੧॥** (ਪੰਨਾ ੮੮੩)

ਇਸ ਗੱਲ ਵਿਚ ਰੰਚਕ ਭੀ ਸੰਦੇਹ ਨਹੀਂ ਕਿ ਜੁਗੋ ਜੁਗ ਅਟੱਲ ਗੁਰੂ ਨਾਨਕ ਸਾਹਿਬ ਹੀ ਹਨ ਤੇ ਇਹੋ ਸਚੇ ਸਤਿਗੁਰੂ, ਗੁਰੂ ਨਾਨਕ ਦੇਵ ਹੀ ਸੱਚੇ ਅੰਮ੍ਰਿਤ-ਭਰਪੂਰ-ਲੀਣੇ ਜੋਤਿ ਜੜਨੀ ਖ਼ਜਾਨੇ ਦੇ ਮਾਲਕ ਹਨ। ਨਿਰੰਕਾਰ ਦੇ ਰਾਹੀਂ ਹੀ ਸੱਚੇ ਅਦ੍ਰਿਸ਼ਟ ਖ਼ਜ਼ਾਨੇ ਦੇ ਖੋਜੀ ਗੁਰਮੁਖਿ ਜਨ ਨੂੰ ਇਸ ਦੀ ਪ੍ਰਾਪਤੀ ਦਾ ਸੁਭਾਗ ਮਿਲਦਾ ਹੈ। ਗੁਰ ਨਾਨਕ ਸਾਹਿਬ ਜੀ ਦੇ ਪਾਏ ਪੂਰਨਿਆਂ ਉਤੇ ਚਲ ਕੇ ਜਿਸ ਗੁਰਮੁਖਿ ਜਨ ਨੂੰ ਇਸ ਸੱਚੇ ਨੌਨਿਧੀ ਖ਼ਜ਼ਾਨੇ ਦੀ ਸੱਚੀ ਮਿਲਖ ਲਭੀ ਹੈ; ਉਹ ਵਡਭਾਗਾ ਜਨ ਇਸ ਅਦ੍ਰਿਸ਼ਟ ਪਦਾਰਥ ਨੂੰ ਲਭਣ ਸਾਰ ਹੀ ਅਚਰਜ ਬਿਸਮਾਦ ਦਸ਼ਾ ਵਿਚ ਲੀਨ ਹੋ ਗਿਆ ਹੈ। ਇਸ ਅਚਰਜਤਾ ਅਤੇ ਜੋਤਿ-

(ਬਾਕੀ ਪੰਨਾ ੨੩ ਤੇ ...)

# ਜਤ ਸਤ ਸੰਜਮ

(ਪ੍ਰਿੰ: ਸੱਜਣ ਸਿੰਘ)

ਇਸ ਕਲਜੁਗੀ ਸੰਸਾਰ ਵਿੱਚ, ਪੰਜ ਵਿਸ਼ੇ ਵਿਕਾਰਾਂ ਅਰਥਾਤ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀ ਹਕੂਮਤ ਬਹੁਤ ਤਕੜੀ ਤੇ ਡਾਹਢੀ ਹੈ। ਸਮੂਹ ਵਿਸ਼ਵ ਇਨ੍ਹਾਂ ਦੇ ਸ਼ਿਕੰਜੇ ਵਿੱਚ ਇਸ ਤਰਾਂ ਜਕੜਿਆ ਹੋਇਆ ਹੈ ਕਿ ਇਨ੍ਹਾਂ ਤੋਂ ਛੁਟਕਾਰਾ ਪਾਉਣ ਦੀ ਸੋਝੀ ਵੀ ਨਹੀਂ ਉਪਜਦੀ। ਜਦ ਇਨ੍ਹਾਂ ਦਾ ਗੁਣ ਨਾਸ਼ਕ ਪ੍ਰਭਾਵ ਸਰੀਰਕ, ਮਾਇਕ ਤੇ ਸਮਾਜਕ ਤੌਰ ਤੇ ਖੁੱਲਮ ਖੁੱਲਾ ਪ੍ਰਗਟ ਹੁੰਦਾ ਹੈ ਤਾਂ ਸਾਡੀਆਂ ਅੱਖੀਆਂ ਖੁੱਲਦੀਆਂ ਹਨ। ਏਹ ਏਨੇ ਭਿਆਨਕ ਬਲੀ ਹਨ ਕਿ ਇਨ੍ਹਾਂ ਦਾ ਟਾਕਰਾ ਕਰਨ ਲਈ ਕੋਈ ਭੀ ਸੰਸਾਰਕ ਜੁਗਤੀ ਤੇ ਸ਼ਕਤੀ ਜਾਂ ਰਿੱਧੀ ਸਿੱਧੀ ਦਾ ਬਲ ਸਾਡੀ ਸਹਾਇਤਾ ਲਈ ਨਹੀਂ ਬਹੁੜਦਾ। ਸਾਡੀ ਬੁੱਧੀ ਤੇ ਅਜਿਹਾ ਪਰਦਾ ਪਿਆ ਹੁੰਦਾ ਹੈ ਕਿ ਫੋਕਟ ਉਪਦੇਸ਼ ਤੇ ਚਰਚੇ ਦੀ ਕੋਈ ਪੇਸ਼ ਨਹੀਂ ਜਾਂਦੀ। ਜਦ ਇਹ ਸਾਡੇ ਦਿਲ, ਦਿਮਾਗ ਤੇ ਹਾਵੀ ਹੁੰਦੇ ਹਨ ਤਾਂ ਸਾਰੀ ਸੁਮੱਤਿ ਕੁਮੱਤਿ ਵਿਚ ਬਦਲ ਜਾਂਦੀ ਹੈ।

ਕਾਮ ਕ੍ਰੋਧ ਦੇ ਰੋਗ ਤੋਂ ਉਤਪੰਨ ਹੋਈਆਂ ਘਟਨਾਵਾਂ ਸਾਡੇ ਪੁਰਾਤਨ ਇਤਿਹਾਸ ਦਾ ਅੰਗ ਬਣ ਚੁੱਕੀਆਂ ਹਨ। ਵੇਦਾਂ ਦੇ ਗਿਆਤਾ ਤੇ ਵਿਦਵਾਨ ਰਾਵਣ ਦੁਆਰਾ ਸੀਤਾ ਦਾ ਅਗਵਾ ਕਰਨਾ ਕਾਮ ਤੇ ਕ੍ਰੋਧ ਦਾ ਹੀ ਅਮਲੀ ਰੂਪ ਸੀ। ਬ੍ਰਹਮਾ ਤੇ ਇੰਦ੍ਰ ਦੇਵਤਾ ਜੈਸੀਆਂ ਮਹਾ ਸ਼ਖਸੀਅਤਾਂ ਜੇ ਆਪਣੇ ਹਵਸ ਤੇ ਕਾਬੂ ਨਹੀਂ ਪਾ ਸਕੀਆਂ ਤਾਂ ਉਨ੍ਹਾਂ ਦੀ ਪੂਜਾ ਕਰਨ ਵਾਲਿਆਂ ਨੂੰ ਕਿਸ ਤਰਾਂ ਦੀ ਪ੍ਰੇਰਨਾ ਮਿਲ ਸਕਦੀ ਹੈ।

ਕਾਮਨਾ ਦਾ ਅਰਥ ਇੱਛਾ ਜਾਂ ਖਾਹਸ਼ ਹੈ। ਖਾਹਸ਼ ਚੰਗੀ ਜਾਂ ਮੰਦੀ ਹੋ ਸਕਦੀ ਹੈ। ਇਸ ਦਾ ਅਮਲੀ ਪ੍ਰਤੀ ਕਰਮ, ਆਪਣੇ ਤੇ ਬੇਗਾਨੇ ਦੋਹਾਂ ਤੇ ਪੈਂਦਾ ਹੈ। ਸ਼ੁਭ ਕਾਮਨਾਵਾਂ ਪੂਰੀਆਂ ਕਰਨ ਲਈ ਅਸੀਂ ਪ੍ਰਤੀ ਦਿਨ ਅਰਦਾਸ ਜਾਂ ਬੇਨਤੀ ਕਰਦੇ ਹਾਂ। ਵਿਸ਼ੇ ਵਿਕਾਰ ਵਿੱਚ ਲਿਪਤ ਕਾਮਨਾ ਨੂੰ ਕਾਮ ਆਖਿਆ ਗਿਆ ਹੈ ਜਿਸ ਦਾ ਆਪਣੇ ਸੰਗੀ ਬਟਵਾਰਿਆਂ ਵਿੱਚ ਪ੍ਰਮੁੱਖ ਅਸਥਾਨ ਹੈ। ਗੁਰਬਾਣੀ ਵਿੱਚ ਕਾਮ ਦਾ ਪ੍ਰਯੋਗ ਸ਼ੁਭ ਕਾਮਨਾ ਦੇ ਅਰਥਾਂ ਦੇ ਰੂਪ ਵਿਚ ਵੀ ਹੋਇਆ ਹੈ।

ਸਾਧ ਸੰਗਿ ਆਰਾਧਨਾ ਹਰਿ ਨਿਧਿ ਅਪਾਰ॥
ਧਰਮ ਅਰਥੁ ਅਰੁ ਕਾਮ ਮੋਖ ਦੇਤੇ ਨਹੀ ਬਾਰ॥ (ਬਿਲਾਵਲੁ ਮਹਲਾ ੫-੮੧੯)

ਭਗਤਾਂ ਤੇ ਸੰਸਾਰੀਆਂ ਦੇ ਸਾਰੇ ਮਾਰਗ ਵੱਖਰੇ ਹਨ। ਇਨ੍ਹਾਂ ਦੀ ਸੋਚ, ਕਥਨੀ ਜਾਂ ਕਰਨੀ ਮੇਲ ਨਹੀਂ ਖਾਂਦੀ। ਇੱਕ ਵਰਗ ਦਾ ਆਦਰਸ਼ ਜਾਂ ਦ੍ਰਿਸ਼ਟੀ ਕੋਣ ਦੂਜੇ ਵਰਗ ਨੂੰ ਭਾਂਵਦਾ ਨਹੀਂ। ਜਿੱਧਰ ਇੱਕ ਦਾ ਮੂੰਹ ਹੁੰਦਾ ਹੈ, ਉਧਰ ਦੂਜੇ ਦੀ ਪਿੱਠ ਹੁੰਦੀ ਹੈ। ਇੱਕ ਵਰਗ ਜਿਸ ਸਿੱਖਿਆ ਨੂੰ ਸੁਣਨਾ ਚਾਹੁੰਦਾ ਹੈ, ਦੂਜਾ ਉਸ ਨੂੰ ਨਫਰਤ ਕਰਦਾ ਹੈ। ਇਹੋ ਹਾਲ ਜੀਭ ਦੇ ਰਸ ਦੀ ਹੈ। ਜਿਸ ਜੀਵ ਦੇ ਹਿਰਦੇ ਵਿਚ ਨਾਮ ਦੀ ਕਣੀ ਨਹੀਂ, ਦੈਵੀ ਗੁਣਾਂ ਦਾ ਨਿਵਾਸ ਨਹੀਂ, ਉਸ ਦੇ ਵਿਚਾਰ ਸਾਤਵਿਕ ਹੋ ਨਹੀਂ ਸਕਦੇ,ਉਹ ਅਵੱਸ਼ ਤਾਮਸੀ ਹੋਵੇਗਾ। ਅੰਨਾ ਬੋਲਾ ਮਾਇਆ ਧਾਰੀ ਕਾਮ ਰਸ ਵਿਚ ਮਗਨ ਹੈ, ਕਾਮੀ ਪੁਰਸ਼ ਚਮੜੇ ਦਾ ਵਿਉਪਾਰੀ ਹੈ ਜਿਸ ਨੂੰ ਚਾਮ ਰਸ ਆਪਣੇ ਜਾਲ ਵਿੱਚ ਫਸਾਉਂਦਾ ਹੈ। ਜਿਹੜਾ ਕੰਨ ਰਸ ਦਾ ਰੋਗੀ ਹੈ, ਉਹ ਕਥਾ, ਕੀਰਤਨ, ਨਾਮ ਸਿਮਰਣ ਤੋਂ ਤਾਂ ਮਹਿਰੂਮ ਹੈ ਪਰ ਨਿੰਦਾ ਤੇ ਕਾਮ-ਭੜਕਾਊ ਗਾਣੇ ਸਰਵਣ ਕਰਨ ਲਈ ਧਾਂਵਦਾ ਹੈ। ਭੈੜੇ ਮਨ ਦਾ ਪ੍ਰਭਾਵ ਹਰੇਕ ਅੰਗ ਤੇ ਪੈਂਦਾ ਹੈ ਤੇ ਜਿਹਬਾ ਭੀ ਇਸ ਤੋਂ ਬਚ ਨਹੀਂ ਸਕਦੀ।

ਜਿਸ ਮਨੁੱਖ ਦਾ ਖੂਨ ਨਿਰਮਲ ਤੇ ਸ਼ੁੱਧ ਹੈ, ਉਹ ਵਿਹੁ ਨੂੰ ਆਪਣੇ ਅੰਦਰ ਰਚਾਉਣ ਤੋਂ ਕਿਸੇ ਨ ਕਿਸੇ ਰੂਪ ਵਿਚ ਚਿਤਾਵਨੀ ਦਿੰਦਾ ਹੈ। ਸੋਫੀ ਨੂੰ ਸੰਕੇਤ ਮਿਲ ਜਾਂਦਾ ਹੈ ਕਿ ਸ਼ਰਾਬ ਦਾ ਸੇਵਨ ਉਸ ਲਈ ਹਾਨੀਕਾਰਕ ਹੈ ਪਰ ਜੇ ਉਹ ਇਸ ਇਸ਼ਾਰੇ ਨੂੰ ਸਨਮਾਨ ਨ ਦੇਵੇ ਤੇ ਬਾਰ ਬਾਰ ਸੇਵਨ ਕਰਦਾ ਰਹੇ ਤਾਂ ਉਹ ਜ਼ਹਿਰ ਉਸ ਦੇ ਖੂਨ ਵਿਚ ਮਿਲਕੇ ਦਿਮਾਗ ਤਕ ਪਹੁੰਚ ਜਾਵੇਗੀ ਤੇ ਨਤੀਜਾ ਇਹ ਨਿਕਲੇਗਾ ਕਿ ਉਹ ਜ਼ਹਿਰ ਹੁਣ ਭੈੜੀ ਨਹੀਂ, ਚੰਗੀ ਲੱਗੇਗੀ। ਇਸ ਤਰਾਂ ਹੌਲੇ ਹੌਲੇ ਜ਼ਹਿਰ ਤਾਂ ਮਿੱਠੀ ਲੱਗੇਗੀ ਹੀ, ਅੰਮ੍ਰਿਤ ਵੀ ਕੌੜਾ ਪਰਤੀਤ ਹੋਵੇਗਾ। ਇਉਂ ਜੀਭ ਤਾਂ ਉਹੀ ਹੈ ਪਰ ਜੀਭ ਦਾ ਸੁਆਦ ਬਦਲ ਜਾਂਦਾ ਹੈ।


www.AKJ.Org

ਇੰਦ੍ਰੀਆਂ ਦੁਆਰਾ ਭੋਗਣ ਵਾਲੇ ਜਿੰਨ੍ਹੇ ਵੀ ਸੁਆਦ ਹਨ, ਉਹ ਨਿਮਖ ਮਾਤਰ ਹਨ, ਥੋੜ੍ਹ ਚਿਰੇ ਹਨ ਤੇ ਵਾਸਤਵ ਵਿਚ ਖਾਮ ਰਸ ਹਨ। ਇਨ੍ਹਾਂ ਸਾਰਿਆਂ ਦਾ ਸਿੱਧਾ ਸੰਬੰਧ ਕਾਮ-ਰਸ ਨਾਲ ਹੈ ਜਿਸ ਨੇ ਅੱਜ ਤੱਕ ਨਾ ਉਮਰ ਦੇਖੀ ਨਾ ਜਾਤਿ ਦੇਖੀ, ਨਾ ਆਪਣਾ ਤੱਕਿਆ ਨਾ ਬੇਗਾਨਾ ਤੱਕਿਆ, ਨਾ ਅਮੀਰ ਤੱਕਿਆ ਨ ਗਰੀਬ ਤੱਕਿਆ, ਸੂਝ ਬੂਝ ਏਨੀ ਨਸ਼ਟ ਹੋ ਗਈ ਇਸ ਨੇ ਨਾ ਵਰਤਮਾਨ ਤੱਕਿਆ ਨਾ ਭਵਿਖ ਤੱਕਿਆ। ਅਸੀਂ ਸੁਆਦਾਂ ਵਿੱਚ ਗਲਤਾਨ ਹਾਂ ਪਰ ਨਾਮ ਜਪਣ ਦਾ ਢੋਂਗ ਰਚਾਉਂਦੇ ਹਾਂ। ਹਜ਼ੂਰ ਦਾ ਫੁਰਮਾਨ ਹੈ ਕਿ ਜਿਸ ਸਰੀਰ ਵਿੱਚ ਭਾਂਤ ਭਾਂਤ ਦੇ ਰਸ-ਕਸ ਹੋਣ ਉੱਥੇ ਨਾਮ ਦਾ ਨਿਵਾਸ ਕਿਵੇਂ ਹੋ ਸਕਦਾ ਹੈ?

ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ॥੨॥ (ਸਿਰੀ ਰਾਗੁ ਮਹਲਾ ੧ ਪੰਨਾ ੧੫)

ਆਮ ਸੰਸਾਰੀ ਜੀਵ, ਕਾਮ ਵਾਸ਼ਨਾਵਾਂ ਜਤ ਸਤ ਤੇ ਨਾਮ ਸਿਮਰਨ ਦੇ ਸੰਬੰਧ ਬਾਰੇ ਕੋਰੇ ਤੇ ਅਗਿਆਨੀ ਹੁੰਦਾ ਹੈ। ਕੋਈ ਸੱਚੇ ਗੁਰੂ ਦਾ ਬਣ ਕੇ ਪਰਮਾਰਥਕ ਮਾਰਗ ਦਾ ਪਾਂਧੀ ਬਣੇ ਤਾਂ ਉਸ ਨੂੰ ਅਨੁਭਵ ਹੁੰਦਾ ਹੈ ਕਿ ਪ੍ਰਭੂ ਨਾਲ ਅਭੇਦ ਹੋਣ ਦੇ ਰਾਹ ਵਿਚ ਕਾਮ ਵਾਸ਼ਨਾਵਾਂ ਦੀ ਕਿੰਨੀ ਰੁਕਾਵਟ ਪੈਂਦੀ ਹੈ। ਜੋਗੀਆਂ ਤੇ ਸੰਨਿਆਸੀਆਂ ਨੇ ਕਾਮ ਦੇਵ ਤੋਂ ਬਚਣ ਲਈ ਘਰ ਬਾਰ ਇਸਤ੍ਰੀ, ਪਰਿਵਾਰ ਤਿਆਗ ਕੇ ਜੰਗਲਾਂ ਵਿਚ ਇਕਾਂਤ ਰਹਿਣ ਦੀ ਜੁਗਤੀ ਅਪਣਾਈ। ਗੁਰਮਤਿ ਨੇ ਦੋਹਾਂ ਜੁਗਤੀਆਂ ਅਰਥਾਤ ਪਰਿਵਾਰ ਤਿਆਗਣ ਤੇ ਗ੍ਰਿਹਸਥੀ ਜੀਵਨ ਤਿਆਗਣ ਦਾ ਖੰਡਨ ਕੀਤਾ ਹੈ, ਤੇ ਇਨ੍ਹਾਂ ਨੂੰ ਸਮਾਜਕ ਜ਼ੁੰਮੇਵਾਰੀਆਂ ਦੇ ਵਿਰੁੱਧ ਵੀ ਆਖਿਆ ਹੈ। ਇਸ ਵਿਚ ਸੰਦੇਹ ਨਹੀਂ ਕਿ ਕਾਮ ਵਾਸ਼ਨਾ ਤੋਂ ਰਹਿਤ ਇਨਸਾਨ ਦੇ ਅੰਦਰ ਓਜਸ ਸ਼ਕਤੀ ਉਤਪੰਨ ਹੁੰਦੀ ਹੈ ਜਿਹੜੀ ਦ੍ਰਿੜਤਾ ਨਿਰਮਲਤਾ ਦੇ ਆਤਮਕ ਬਲ ਦੇ ਪ੍ਰਗਟਾਉਣ ਵਿਜ ਸਹਾਇਕ ਹੈ ਪਰ ਇਹ ਕਾਫੀ ਨਹੀਂ, ਏਨਾ ਕਰਨ ਨਾਲ ਹੀ ਨਿਬੇੜਾ ਨਹੀਂ ਹੁੰਦਾ, ਹੋਰ ਬਹੁਤ ਕੁਛ ਕਰਨ ਦੀ ਲੋੜ ਹੈ। ਜੇ ਕੇਵਲ ਬ੍ਰਹਮਚਾਰਯ ਜੀਵਨ ਬਿਤਾਉਣ ਨਾਲ ਪਰਮ ਗਤੀ ਪ੍ਰਾਪਤ ਹੁੰਦੀ ਤਾਂ ਸਾਰੇ ਖੁਸਰਿਆਂ ਦਾ ਪਾਰ ਉਤਾਰਾ ਹੋ ਜਾਂਦਾ।

ਬਿੰਦੁ ਰਾਖਿ ਜੌ ਤਰੀਐ ਭਾਈ॥ ਖੁਸਰੈ ਕਿਉ ਨ ਪਰਮ ਗਤਿ ਪਾਈ॥
(ਗਉੜੀ ਕਬੀਰ ਜੀ ਪੰਨਾ ੩੨੪)

ਸੱਚੇ ਪਾਤਸ਼ਾਹ ਨੇ ਗੁਰਸਿੱਖਾਂ ਨੂੰ ਸਮਾਜ ਵਿੱਚ ਰਹਿਣ, ਗੁਰਮਤਿ ਅਨੁਸਾਰ ਗ੍ਰਹਿਸਤ ਜੀਵਨ ਨਿਬਾਹੁਣ, ਘਾਲ ਕਮਾਈ ਕਰਕੇ ਲੋੜਵੰਦ ਦੀ ਸਹਾਇਤਾ ਕਰਨ, ਪਰਉਪਕਾਰ ਕਰਨ, ਨਾਮ ਜਪਣ ਤੇ ਜਪਾਉਣ ਦਾ ਉਪਦੇਸ਼ ਦ੍ਰਿੜਾਇਆ। ਗੁਰਦੇਵ ਜੀ ਦੀਆਂ ਨਜ਼ਰਾਂ ਵਿੱਚ ਪਰਨਾਰੀ ਦੇ ਨੇੜੇ ਨਾ ਜਾਣ ਵਾਲਾ ਤੇ ਏਕਾ ਨਾਰੀ ਵਾਲਾ ਗ੍ਰਹਿਸਥੀ ਗੁਰਸਿੱਖ ਸੱਚਾ ਜੋਗੀ ਤੇ ਆਦਰਸ਼ਕ ਜਤੀ ਹੈ।

ਆਮ ਤੌਰ ਤੇ ਸ਼ਬਦ 'ਜਤ' ਪੁਰਸ਼ ਨਾਲ ਤੇ 'ਸਤ' ਇਸਤ੍ਰੀ ਨਾਲ ਜੁੜਿਆ ਹੋਇਆ ਹੈ। ਇੰਦ੍ਰੀਆਂ ਨੂੰ ਕਾਬੂ ਵਿੱਚ ਰੱਖਣ ਵਾਲੇ ਨੂੰ ਜਤੀ ਕਹਿੰਦੇ ਹਨ। ਵਿਦਵਾਨਾਂ ਅਨੁਸਾਰ ਛੇ ਜਤੀ ਹਨ।- ਲਛਮਣ, ਗੋਰਖ, ਹਨੂਮਾਨ, ਭੀਸ਼ਮ, ਭੈਰਵ ਤੇ ਦੱਤ। ਜੇ ਪੁਰਸ਼ ਸਤੀ ਹੋਵੇ ਤਾਂ ਇਸ ਤਾ ਭਾਵ ਸੱਚਾ ਤੇ ਸੰਤੋਖੀ ਹੈ। ਪਤਿਵ੍ਰਤ ਧਾਰਨ ਕਰਨ ਵਾਲੀ ਇਸਤ੍ਰੀ ਸਤੀ ਅਖਵਾਉਂਦੀ ਹੈ। ਭਗਤ ਕਬੀਰ ਅਨੁਸਾਰ ਪਤੀਬ੍ਰਤ ਧਰਮ ਨਿਬਾਹੁੰਣ ਵਾਲੀ ਇਸਤ੍ਰੀ ਸਤੀ ਅਖਵਾਉਣ ਦੇ ਯੋਗ ਹੈ।

ਬਿਨ ਸਤ ਸਤੀ ਹੋਇ ਕੈਸੇ ਨਾਰਿ॥ ਪੰਡਿਤ ਦੇਖਹੁ ਰਿਦੈ ਬੀਚਾਰਿ॥
(ਗਉੜੀ ਕਬੀਰ ਜੀ ਪੰਨਾ ੩੨੮)

ਪੁਰਾਤਨ ਸਮੇਂ ਤੋਂ ਹੀ ਜਦ ਕੋਈ ਮਨੁੱਖ ਆਪਣਾ ਸਰੀਰ ਤਿਆਗਦਾ ਸੀ ਤਾਂ ਉਸ ਦੀ ਇਸਤ੍ਰੀ ਦੀ ਦਸ਼ਾ ਅਤਿਅੰਤ ਤਰਸ ਯੋਗ ਹੁੰਦੀ ਸੀ। ਇੱਕ ਤਾਂ ਉਸ ਨੂੰ ਆਪਣੇ ਪਤੀ ਦੇ ਵਿਛੋੜੇ ਦਾ ਸੱਲ, ਦੂਜਾ ਪਤੀ ਬਿਨਾ ਸਮਾਜ ਵਿੱਚ ਇੱਜ਼ਤ ਨਾਲ ਰਹਿਣ ਦੀ ਸਮੱਸਿਆ ਸੀ। ਇਸ ਤਰ੍ਹਾਂ ਉਸ ਦੀ ਆਬਰੂ ਬਚਾਉਣ ਦਾ ਇੱਕੋ- ਇੱਕ ਸਾਧਨ ਪ੍ਰਚੱਲਤ ਹੋ ਗਿਆ- ਪਤੀ ਦੀ ਲਾਸ਼ ਨਾਲ ਅੱਗ ਵਿੱਚ ਜੀਉਂਦੇ ਹੀ ਸੜ ਕੇ


www.AKJ.Org

ਮਰਨਾ। ਪਰ ਹੌਲੇ ਹੌਲੇ ਇਹ ਰਸਮ ਬਣ ਗਈ, ਉਹ ਵੀ ਸਮਾਜਕ ਰਸਮ, ਜਿਸ ਨੂੰ ਤੋੜਨ ਦੀ ਹਿੰਮਤ ਕਿਸੇ ਵਿਚ ਨਹੀਂ ਸੀ। ਬੇਚਾਰੀ ਵਿਧਵਾ ਇਸਤ੍ਰੀ ਚਾਹੇ ਮਰਨਾ ਨਾ ਵੀ ਚਾਹੇ, ਆਤਮ ਦਾਹ ਤੋਂ ਬਚ ਨਹੀਂ ਸਕਦੀ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਸਤੀ ਦੀ ਰਸਮ ਨੂੰ ਇਸਤ੍ਰੀ ਜਾਤੀ ਲਈ ਅੱਤਿਆਚਾਰ ਤੇ ਬੇਇਨਸਾਫੀ ਜਾਣਦਿਆ ਇਸ ਰੀਤਿ ਨੂੰ ਬੰਦ ਕਰਨ ਲਈ ਠੋਸ ਕਦਮ ਉਠਾਏ ਤੇ ਫੁਰਮਾਇਆ।

ਸਲੋਕ ਮ: ੩॥ ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥
ਨਾਨਕ ਸਤੀਆ ਜਾਂਣੀਅਨਿ ਜਿ ਬਿਰਹੇ ਚੋਟ ਮਰੰਨਿ॥੧॥
ਮ: ੩॥ ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨਿ॥੨॥ਮ:੩॥
ਮ: ੩॥ ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ॥
ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ॥
ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ॥
ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ॥
(ਵਾਰ ਸੂਹੀ ਕੀ ਸਲੋਕਾਂ ਨਾਲਿ ਮ: ੩ ਪੰਨਾ ੭੮੭)

ਸਤਿਗੁਰੂ ਦੇ ਬਚਨ ਮਾਨੋ ਇਕ ਕ੍ਰਿਸ਼ਮਾ ਹੈ। ਇੱਕ ਤਾਂ ਰੱਬੀ ਫੁਰਮਾਨ ਹੈ, ਦੂਜੇ ਇਸ ਵਿੱਚ ਗਜ਼ਬ ਦੀ ਦਲੀਲ ਹੈ। ਆਪ ਨੇ ਸਪਸ਼ਟ ਸ਼ਬਦ ਵਿਚ ਆਖਿਆ ਕਿ ਮੁਰਦਿਆਂ ਨਾਲ ਜੀਉਂਦੇ ਹੀ ਸੜਨ ਵਾਲੀਆਂ ਕਤਈ ਸਤੀ ਨਹੀਂ ਹਨ। ਸਤੀ ਹੋਣ ਵਾਲੀਆਂ ਇਸਤ੍ਰੀਆਂ ਦੋ ਪ੍ਰਕਾਰ ਦੀਆਂ ਹਨ। (1) ਉਹ ਇਸਤ੍ਰੀਆਂ ਜਿਨ੍ਹਾਂ ਦਾ ਪਤੀ ਪਰਮੇਸ਼ਵਰ ਨਾਲ ਅਥਾਹ ਪਿਆਰ ਹੈ। (੨) ਉਹ ਇਸਤ੍ਰੀਆਂ ਜਿਨ੍ਹਾਂ ਨੂੰ ਆਪਣੇ ਪਤੀ ਨਾਲ ਕੋਈ ਸਨੇਹ ਨਹੀਂ।

ਪਹਿਲੇ ਵਰਗ ਦੀ ਇਸਤ੍ਰੀਆਂ ਜਾਂ ਤਾਂ ਪਤੀ ਦੇ ਵਿਛੋੜੇ ਵਿੱਚ ਹੀ ਮਰ ਜਾਣ ਜਾਂ ਪਤੀ ਪਰਮੇਸ਼ਵਰ ਦੀ ਯਾਦ ਵਿਚ ਪਤੀਬ੍ਰਤ ਧਰਮ ਨਿਬਾਹੁੰਣ ਤੇ ਸੀਲ ਸੰਤੋਖ ਵਿਚ ਰਹਿਣ ਤੇ ਸਾਰਾ ਦੁੱਖ ਭਾਣੇ ਵਿਚ ਸਹਿਣ।

ਦੂਜੇ ਪਰਕਾਰ ਦੀਆਂ ਇਸਤ੍ਰੀਆਂ ਦਾ ਆਪਣੇ ਪਤੀ ਨਾਲ ਪਿਆਰ ਹੀ ਨਹੀਂ, ਦਿਲ ਵਿਚ ਕੋਈ ਕਦਰ ਹੀ ਨਹੀਂ,ਉਹ ਕਿਉਂ ਅੱਗ ਵਿਚ ਸੜਨ। ਉਨ੍ਹਾਂ ਵਾਸਤੇ ਪਤੀ ਜੀਵਤ ਹੈ ਜਾਂ ਮਰਿਆ ਹੈ, ਇਕੋ ਗੱਲ ਹੈ

ਜਤ ਸਤ ਸੰਜਮ ਵਿਚ ਪਵਿਤਰਤਾ ਤੇ ਨਿਰਮਲਤਾ ਹੈ। ਸੰਜਮ ਦੀ ਬੰਦਸ਼ ਗੁਣਾਂ ਨੂੰ ਬੰਨ੍ਹ ਕੇ ਰੱਖਦੀ ਹੈ। ਜਿਸ ਬੰਦੇ ਵਿਚ ਇਹ ਗੁਣ ਨਹੀਂ, ਉਹ ਪ੍ਰੇਤ ਪਿੰਜਰ ਨਿਆਈ ਹੈ ਜਿਸ ਵਿੱਚ ਸੁੱਕੀ ਲੱਕੜ ਦੀ ਕਠੋਰਤਾ ਵਿਆਪਕ ਹੈ। ਜਿੱਥੇ ਨਾਮ ਦੀ ਸੁਗੰਧੀ ਨਹੀਂ, ਉਹ ਅਸਥਾਨ ਫਿੱਕਾ ਤੇ ਰਸ ਹੀਨ ਹੈ। ਸਤਿਗੁਰੂ ਦਾ ਫੁਰਮਾਨ ਹੈ।

ਤਨੁ ਧਨੁ ਦੇਖਤ ਗਰਬਿ ਗਇਆ॥
ਕਨਿਕ ਕਾਮਨੀ ਸਿਉ ਹੇਤੁ ਵਧਾਇਹਿ ਕੀ ਨਾਮੁ ਵਿਸਾਰਹਿ ਭਰਮਿ ਗਇਆ॥੧॥ਰਹਾਉ॥
ਜਤੁ ਸਤੁ ਸੰਜਮੁ ਸੀਲੁ ਨ ਰਾਖਿਆ ਪ੍ਰੇਤ ਪਿੰਜਰ ਮਹਿ ਕਾਸਟੁ ਭਇਆ॥
ਪੁੰਨੁ ਦਾਨੁ ਇਸਨਾਨੁ ਨ ਸੰਜਮੁ ਸਾਧ ਸੰਗਤਿ ਬਿਨੁ ਬਾਦਿ ਜਇਆ॥ (ਰਾਮਕਲੀ ੧ ਪੰਨਾ ੯੦੬)

ਜਿਉਂ ਸਿਫਰ ਦਾ ਕੋਈ ਮੁੱਲ ਨਹੀਂ, ਪਰ ਜਦ ਇਸ ਦੇ ਖੱਬੇ ਏਕਾ ਲੱਗ ਜਾਂਦਾ ਹੈ ਤਾਂ ਸੰਖਿਆ ਦਾ ਮੁੱਲ ਵੱਧ ਜਾਂਦਾ ਹੈ। ਤਿਵੇਂ ਹੀ ਇਨ੍ਹਾਂ ਗੁਣਾਂ ਦਾ ਵਾਸਵਕ ਮੁੱਲ ਬਿਲਕੁਲ ਨਿਗੂਣਾ ਹੈ। ਇਕ ਪ੍ਰਭੂ ਦੇ ਨਾਮ ਨਾਲ ਹੀ ਇਹਨਾਂ ਦੀ ਕੀਮਤ ਵੱਧਦੀ ਹੈ। ਪਾਵਨ ਹੁਕਮ ਹੈ।

ਤੀਰਥ ਵਰਤ ਨੇਮ ਕਥਹਿ ਉਦਿਆਨਾ॥ ਜਤੁ ਸਤੁ ਸੰਜਮੁ ਕਥਹਿ ਗਿਆਨਾ॥
ਰਾਮ ਨਾਮੁ ਬਿਨੁ ਕਿਉ ਸੁਖੁ ਪਾਈਐ ਬਿਨੁ ਸਤਿਗੁਰੁ ਭਰਮੁ ਨ ਜਾਇਆ॥(ਮਾਰੂ ਮ; ੧ ਪੰ: ੧੦੪੩)

ਤਾਂ ਤੇ ਜਤ ਸਤ ਸੰਜਮ ਅਜਿਹੇ ਗੁਣ, ਹਨ ਜਿਹੜੇ ਸੱਚੇ ਗੁਰੂ ਦੀ ਬਖਸ਼ਸ਼ ਤੇ ਨਾਮ-ਸੁਗੰਧੀ ਬਿਨਾਂ, ਸੁੱਕੇ, ਫੋਕਟ ਤੇ ਰਸ-ਹੀਨ ਹਨ। ਇਨ੍ਹਾਂ ਦੀ ਵਡਿਆਈ ਸ਼ਕਤੀ ਤੇ ਸ੍ਰੇਸਟਤਾ ਦਾ ਸੋਮਾ ਨਾਮ ਹੈ ਜਿਹੜਾ ਸੱਚੇ ਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ। ਸਤਿਗੁਰੂ ਦਾ ਫੁਰਮਾਨ ਹੈ। (ਬਾਕੀ ਪੰਨਾ ੧੭ ਤੇ ...)


www.AKJ.Org

# ਗੁਰ ਸਤਿਗੁਰ ਕਾ ਜੋ ਸਿਖ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥

(ਡਾ: ਕੁਲਦੀਪ ਕੌਰ)

ਨਾਮ ਸਿੱਖੀ ਦਾ ਕੇਂਦ੍ਰ ਬਿੰਦੂ ਹੈ, ਸਿੱਖੀ ਦਾ ਮੂਲ ਸ੍ਰੋਤ ਹੈ, ਸਿੱਖੀ ਦੀ ਪੱਕੀ ਆਧਾਰ ਸ਼ਿਲਾ ਹੈ। ਗੁਰਬਾਣੀ ਅਤੇ ਨਾਮ ਓਤਪੋਤ ਹਨ। ਬਾਣੀ ਦਾ ਕੋਈ ਸ਼ਬਦ ਐਸਾ ਨਹੀਂ ਜਿਸ ਵਿਚ ਨਾਮ ਦੀ ਮਹਿਮਾ ਨਾ ਦਰਸਾਈ ਗਈ ਹੋਵੇ। ਗੁਰ ਉਪਦੇਸ਼ ਹੈ 'ਇਸੁ ਬਾਣੀ ਤੇ ਹਰਿ ਨਾਮ ਪਾਇਦਾ' ਇਸੇ ਲਈ 'ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ।' ਜਿਹੜਾ ਸਿੱਖ ਨਾਮ ਨਾਲ ਨਹੀਂ ਜੁੜਿਆ ਉਹ 'ਸਿੱਖ' ਅਖਵਾਉਣ ਦਾ ਅਧਿਕਾਰੀ ਨਹੀਂ ਰਹਿੰਦਾ ਕਿਉਂਕਿ ਉਸ ਦਾ 'ਬਾਣੀ ਗੁਰੂ' ਨਾਲ ਪ੍ਰੇਮ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀ ਰਾਹੀਂ ਆਰੰਭਕ ਸਤਰ ਤੋਂ ਹੀ ਨਾਮ ਦੇ ਸਰੂਪ ਨੂੰ ਉਘਾੜਿਆ ਗਿਆ ਹੈ। ਮੂਲ ਮੰਤ੍ਰ ਵਿਚ ੧ਓ ਦੇ ਸਤਿ ਸਰੂਪ ਤੱਕ ਪਹੁੰਚਣਾ ਮਨੁੱਖ ਦਾ ਜੀਵਨ ਆਦਰਸ਼ ਦੱਸਿਆ ਹੈ। ਉਹ 'ਕਰਤਾ ਪੁਰਖ' ਤਾਂ ਹੈ ਪਰ ਹੈ 'ਅਕਾਲ ਪੁਰਖ'। ਇਸ ਲਈ ਉਸ ਨੂੰ ਉਸਦੇ ਨਾਮ ਰਾਹੀਂ ਹੀ ਜਾਣਿਆ ਜਾ ਸਕਦਾ ਹੈ। ਨਾਮ ਜੋ ਸਦਾ ਸਦਾ ਲਈ ਸਤਿ ਹੈ, ਉਸ ਦੀ ਪ੍ਰਾਪਤੀ ਲਈ ਸਤਿਗੁਰੂ ਦੀ ਬਖਸ਼ਿਸ਼ ਸਤਿਗੁਰੂ ਦਾ ਪ੍ਰਸਾਦਿ ਆਵੱਸ਼ਕ ਹੈ। ਨਾਮ ਦੀ ਪ੍ਰਾਪਤੀ ਹੋ ਜਾਵੇ, ਨਾਮ ਜੀਵਨ ਦਾ ਆਧਾਰ ਬਣ ਜਾਵੇ ਤਾਂ 'ਏ ਮਨ ਜੈਸਾ ਸੇਵੈ ਤੈਸੋ ਹੋਵੈ' ਦੇ ਅਸੂਲ ਅਨੁਸਾਰ ਮਨੁੱਖ 'ਨਿਰਭਉ ਤੇ ਨਿਰਵੈਰ ਬਣ ਜਾਂਦਾ ਹੈ। ਮਾਨੋ ਆਪਣੇ ਇਸ਼ਟ ਦੇ ਗੁਣਾਂ ਦਾ ਧਾਰਣੀ ਹੋ ਜਾਂਦਾ ਹੈ।

ਵਿਸ਼ੇ ਨਾਲ ਸੰਬੰਧਿਤ ਤੁਕ ਸ੍ਰੀ ਗੁਰੂ ਰਾਮ ਦਾਸ ਜੀ ਦੀ ਉਚਾਰਣ ਕੀਤੀ ਹੋਈ ਹੈ। ਸਮੁੱਚੇ ਸ਼ਬਦ ਵਿਚ ਉਪਰੋਕਤ ਆਦਰਸ਼ ਅਨੁਸਾਰ ਸਿੱਖ ਦੀ ਜੀਵਨ ਜੁਗਤੀ ਲਈ ਪ੍ਰਮੁਖ ਤੇ ਸਰਵਸ੍ਰੇਸ਼ਟ ਵਿਧਾਨ ਦੀ ਘਾੜਤ ਕੀਤੀ ਗਈ ਹੈ। ਗੁਰਸਿੱਖ ਅੰਮ੍ਰਿਤ ਵੇਲੇ ਪ੍ਰੇਮ ਆਧਾਰਿਤ ਉੱਦਮ ਨਾਲ ਉੱਠ ਕੇ ਸੋਚ ਇਸ਼ਨਾਨ ਕਰਨ ਉਪਰੰਤ ਨਾਮ ਦੇ ਅੰਮ੍ਰਿਤ ਸਰੋਵਰ ਵਿਚ ਟੁੱਬੀਆਂ ਲਾਵੇ:

ਗੰਗਾ ਜਲ ਗੁਰ ਗੋਬਿੰਦ ਨਾਮ

ਤਨ ਅਤੇ ਮਨ ਦੋਹਾਂ ਦਾ ਇਸ਼ਨਾਨ ਕਰੇ। ਤਨ ਦੀ ਮੈਲ ਪਾਣੀ ਨਾਲ ਅਤੇ ਮਨ ਮਤਿ ਦੀ ਮੈਲ ਨਾਮ ਜਲ ਨਾਲ ਧੋਤੀ ਗਈ। ਸਿਰਫ਼ ਮੈਲ ਹੀ ਨਹੀਂ ਧੋਤੀ ਗਈ ਸਗੋਂ ਉਸ ਉਤੇ ਨਾਮ ਦਾ ਰੰਗ ਚੜ੍ਹ ਗਿਆ:

ਭਰੀਐ ਮਤਿ ਪਾਪਾ ਕੈ ਸੰਗਿ। ਓਹ ਧੋਪੈ ਨਾਵੈ ਕੈ ਰੰਗਿ।

ਇਸ ਤਰ੍ਹਾਂ 'ਤਨ ਮਨ ਥੀਵੈ ਹਰਿਆ' ਤਾਂ ਗੁਰਸਿਖ ਸਾਧ ਸੰਗਤ ਵਿਚ ਜਾ ਕੇ ਗੁਰਬਾਣੀ ਗਾਉਂਦਾ ਅਤੇ ਸੁਣਦਾ ਹੈ ਅਜਿਹਾ ਸਿੱਖ 'ਬਹਦਿਆਂ ਉਠਦਿਆਂ' ਸਾਸਿ ਗਿਰਾਸਿ, ਰਾਤ ਦਿਨ ਨਾਮ ਧਿਆਉਂਦਾ, ਨਾਮ ਜਪਦਾ, ਨਾਮ ਸਿਮਰਦਾ ਅਤੇ ਹਿਰਦੇ ਵਿਚ ਨਾਮ ਨੂੰ ਵਸਾਉਂਦਾ ਹੈ। ਨਾਮ ਜਪਣਾ ਕੋਈ ਮਕੈਨਿਕੀ ਪ੍ਰਕਿਰਿਆ ਨਹੀਂ। ਨਾਮ ਨੂੰ ਆਧਾਰ ਬਣਾ ਕੇ ਨਾਮ ਰਸ ਮਾਣਨ ਦੀ ਵਿਧੀ ਹੈ। ਇਹ ਕੇਵਲ ਨਿਜ ਤਕ ਹੀ ਸੀਮਿਤ ਨਹੀਂ ਰਹਿੰਦੀ ਸਗੋਂ ਇਹ ਰਸ ਦੂਜਿਆਂ ਵਿਚ ਵੀ ਵੰਡਿਆ ਜਾਂਦਾ ਹੈ। ਇਸੇ ਅਗੰਮੀ ਦਾਤ ਦੀ ਵੰਡ ਤੋਂ ਹੀ ਗੁਰਮਤਿ ਦਾ ਦਾਨ ਵਾਲਾ ਸਿਧਾਂਤ ਆਰੰਭ ਹੁੰਦਾ ਹੈ। 'ਨਾਮ ਦਾਨ ਇਸ਼ਨਾਨ' ਸਿੱਖ ਦਾ ਆਦਰਸ਼ ਹੈ। ਅਜਿਹੇ ਗੁਰਸਿਖ ਦੀ 'ਚਰਨ ਧੂੜ' ਦੀ ਮੰਗ ਕਰਕੇ ਇਨ੍ਹਾਂ ਗੁਣਾਂ ਦੀ ਮਹਾਨਤਾ ਨੂੰ ਦਰਸਾਇਆ ਗਿਆ ਹੈ।

ਸਮੁੱਚੇ ਸ਼ਬਦ ਵਿਚ ਨਾਮ ਜਾਪ ਤੇ ਗੁਰਬਾਣੀ ਦੇ ਗਾਇਨ ਦੀ ਜੋ ਮਹਾਨਤਾ ਦਰਸਾਈ ਗਈ ਹੈ ਉਹ ਕੇਵਲ ਅਧਿਆਤਮਕ ਖੇਤਰ ਵਿੱਚ ਹੀ ਲਾਹੇਵੰਦੀ ਨਹੀਂ ਸਗੋਂ ਸਮੁੱਚੇ ਜੀਵਨ ਵਿਚ ਸਫ਼ਲਤਾ ਪ੍ਰਾਪਤੀ ਲਈ ਆਵਸ਼ੱਕ ਹੈ। ਸਾਵਧਾਨਤਾ ਲਈ ਉੱਦਮ ਅਤੇ ਇਸ਼ਨਾਨ ਜ਼ਰੂਰੀ ਹੈ। ਸਰੀਰਕ ਇਸ਼ਨਾਨ ਨਾਲ ਸਰੀਰ ਦੀ ਮੈਲ ਲਾਹ ਕੇ ਸ੍ਵਛੱਤਾ ਅਤੇ ਨਿਰਮਲਤਾ ਪ੍ਰਾਪਤ ਕਰਨੀ, ਸਰੀਰ ਨੂੰ ਸਿਹਤ ਮੰਦ ਰੱਖਣਾ। ਅੰਮ੍ਰਿਤ ਵੇਲੇ ਦਾ ਉੱਠਣਾ ਤੇ ਇਸ਼ਨਾਨ ਕਰਨਾ ਸਿਹਤ ਅਤੇ ਹੋਰ ਪੱਖਾਂ ਤੋਂ ਵੀ ਮਨੁੱਖ ਲਈ ਲਾਭਦਾਇਕ ਹੈ:

Early to bed & early to rise makes the man healthy, wealthy & wise

ਸਿਹਤ ਠੀਕ ਹੋਵੇ, ਉੱਦਮੀ ਹੋਵੇ, ਸਾਫ਼ ਸੁਥਰਾ ਹੋਵੇ, ਸਰੀਰ ਦਾ ਕੱਜਣ ਅਰਥਾਤ ਪਹਿਰਾਵਾ ਤਾਂ ਸਹਿਜੇ



www.AKJ.Org

ਹੀ ਸਾਫ਼ ਸੁਥਰਾ ਹੋ ਜਾਵੇਗਾ। ਅਜਿਹਾ ਮਨੁੱਖ ਹਰਮਨ ਪਿਆਰਾ ਤਾਂ ਹੋਵੇਗਾ ਹੀ ਪਰ ਉੱਦਮੀ ਹੋਣ ਕਰਕੇ ਜੋ ਵੀ ਕੰਮ ਕਰੇਗਾ, ਉਸ ਵਿਚ ਉਸ ਨੂੰ ਸਫਲਤਾ ਪ੍ਰਾਪਤ ਹੋਣ ਦੀ ਵਧੇਰੇ ਆਸ ਹੁੰਦੀ ਹੈ:

ਉੱਦਮ ਅੱਗੇ ਲੱਛਮੀ ਪੱਖੇ ਅਗੇ ਪਉਣ॥

ਉੱਦਮੀ ਪੁਰਸ਼ ਮੰਗਤਾ ਨਹੀਂ ਬਣਦਾ ਉਸ ਨੂੰ ਪਤਾ ਹੈ:

ਮੰਗਣ ਗਇਆ ਸੋ ਮਰ ਗਇਆ ਮੰਗਣ ਮੂਲ ਨਾ ਜਾਹ ।

ਬਾਣੀ ਦਾ ਉਪਦੇਸ਼ ਵੀ ਹੈ:

ਲੋਕ ਧਿਕਾਰ ਕਹੈ ਮੰਗਤ ਜਨ ਮਾਂਗਤ ਮਾਨ ਨ ਪਾਵੈ।

ਇਸ ਲਈ ਗੁਰ ਉਪਦੇਸ਼ ਨੂੰ ਮੰਨਣ ਵਾਲਾ ਸਿੱਖ ਜਿਥੇ ਅਧਿਆਤਮਕ ਖੇਤਰ ਵਿਚ ਉੱਦਮੀ ਹੋ ਕੇ ਨਾਮ ਜਪਦਾ ਅਤੇ 'ਸਭ ਕਿਲਵਿਖ ਪਾਪ ਦੋਖ ਲਹਿ ਜਾਵੈਂ' ਦੇ ਸਿਧਾਂਤ ਅਨੁਸਾਰ 'ਜੀਅਹੁ ਨਿਰਮਲ ਬਾਹਰਹੁ ਨਿਰਮਲ' ਹੋ ਜਾਂਦਾ ਹੈ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿੱਚ:

ਕਿਰਤ ਵਿਰਤ ਕਰ ਧਰਮ ਦੀ ਖਟ ਖਵਾਲਣ ਕਾਰ ਕਰੇਹੀ।

ਗੁਰ ਉਪਦੇਸ਼ ਨੂੰ ਮੰਨਣ ਵਾਲੇ ਦਾ ਗੁਰੂ ਨਾਲ ਸੱਚਾ ਪਿਆਰ ਹੁੰਦਾ ਹੈ। ਉਹ 'ਮਨਿ ਹੋਰ ਤੇ ਮੁਖ ਹੋਰ ਵਾਲੀ ਗੱਲ ਨਹੀਂ ਕਰਦਾ।' ਧਾਰਮਿਕ ਖੇਤਰ ਵਿਚ ਹੀ ਨਹੀਂ ਸਗੋਂ ਸੰਸਾਰਕ ਖੇਤਰ ਵਿਚ ਵੀ ਉਸ ਦੇ ਸਾਮ੍ਹਣੇ ਇਹ ਹੀ ਆਦਰਸ਼ ਹੁੰਦਾ ਹੈ:

ਕਿਸੇ ਨਾਲ ਧੋਖਾ ਨਹੀਂ ਠੱਗੀ ਨਹੀਂ, ਫਰੇਬ ਨਹੀਂ, ਗਰੀਬ ਮਾਰ ਨਹੀਂ ਸਗੋਂ ਬਾਬਾ ਫਰੀਦ ਦੇ ਕਹਿਣ ਅਨੁਸਾਰ ਉਸ ਦੀ ਵਰਤੋਂ ਅਜਿਹੀ ਹੁੰਦੀ ਹੈ ਕਿ

ਬੋਲੀਐ ਸਚੁ ਧਰਮ ਝੂਠ ਨਾ ਬੋਲੀਐ। ਜੋ ਗੁਰ ਦਸੇ ਵਾਟ ਮੁਰੀਦਾ ਜੋਲੀਐ।

ਇਸ ਸ਼ਬਦ ਵਿਚ ਦਰਸਾਇਆ ਸਿੱਖੀ ਸਰੂਪ ਜਿਸ ਨੇ ਅਪਨਾਇਆ ਉਹ ਪਾਖੰਡ ਦੇ ਜੀਵਨ ਤੋਂ ਦੂਰ ਰਹਿੰਦਾ ਹੈ। ਕਰਮ ਕਾਂਡਾਂ ਦੇ ਜਾਲ ਵਿਚ ਨਹੀਂ ਫਸਦਾ। ਰੱਬ ਦੀ ਭਾਲ ਲਈ ਸੰਸਾਰ ਨੂੰ ਤਿਆਗਣ ਦਾ ਢੋਂਗ ਨਹੀਂ ਰਚਦਾ ਅਤੇ ਨਾ ਹੀ ਸਰੀਰ ਨੂੰ ਹਠ ਜੋਗ ਧਾਰਣ ਵਾਲਿਆਂ ਵਾਂਗ ਕਸ਼ਟ ਦੇਂਦਾ ਹੈ।

ਨਾਮ ਜਪਣ ਵਾਲਾ, ਨਾਮ ਦਾ ਰਸੀਆ ਵਾਹਿਗੁਰੂ ਨਾਲ ਜੁੜਿਆ ਹੋਣ ਕਰਕੇ ਸਰੀਰ ਨੂੰ ਸੁਸਥ ਰੱਖਦਾ ਹੋਇਆ, ਆਪਣੇ ਜੀਵਨ ਨੂੰ ਸਾਦਾ, ਸੰਜਮੀ ਤੇ ਸੰਕੋਚਵਾਨ ਬਣਾਉਂਦਾ ਹੈ। ਨਾਮ ਹਿਰਦੇ ਵਿਚ ਵਸਿਆ, ਨਾਮੀ ਨਾਲ ਆਂਤ੍ਰਿਕ ਸੰਬੰਧ ਸਥਾਪਤ ਹੋ ਗਿਆ ਮਹਿਸੂਸ ਹੋਇਆ ਕਿ ਰੱਬ ਮੇਰੇ ਕੋਲੋਂ ਦੂਰ ਨਹੀਂ ਸਗੋਂ ਮੇਰੇ ਅੰਦਰ ਹੀ ਹੈ ਪਰ ਹਉਮੈ ਦੀ ਕੂੜੀ ਕੰਧ ਨੇ ਉਸ ਨੂੰ ਮੇਰੇ ਕੋਲੋਂ ਲੁਕਾਇਆ ਹੋਇਆ ਸੀ। ਨਾਮ ਜਾਪ ਨੇ ਹਉਮੈ ਦੀ ਕੰਧ ਢਾਹ ਦਿੱਤੀ। ਸੱਚ ਉਘੜਕੇ ਪ੍ਰਤੱਖ ਹੋ ਗਿਆ। ਜੇ ਉਹ ਸਾਨੂੰ ਦਿਸਦਾ ਨਹੀਂ ਤਾਂ ਸਰੀਰ ਦਾ ਦੋਸ਼ ਨਹੀਂ ਇਸ ਲਈ ਸਰੀਰ ਨੂੰ ਕਸ਼ਟ ਕਿਉਂ ਦਿੱਤੇ ਜਾਣ।

ਫ਼ਰੀਦਾ ਜੰਗਲ ਜੰਗਲ ਕਿਆ ਭਵਹਿ ਵਣ ਕੰਡਾ ਮੋੜੇਹਿ।

ਵਸੀ ਰਬ ਹੀਆਲੀਐ ਜੰਗਲ ਕਿਆ ਢੂਡੇਹਿ॥

ਸ੍ਰੀ ਗੁਰੂ ਰਾਮ ਦਾਸ ਜੀ ਦਾ ਫੁਰਮਾਨ ਹੈ:

ਕੰਚਨ ਕਾਇਆ ਕੋਟ ਗੜ ਵਿਚਿ ਹਰਿ ਹਰਿ ਸਿਧਾ।

ਭਾਈ ਨੰਦ ਲਾਲ ਜੀ ਨੇ ਵੀ ਲਿਖਿਆ ਹੈ:

ਗੁਰੂ ਦੇ ਦਰਬਾਰ ਵਿਚ ਆ ਕੇ ਮੈਨੂੰ ਪਤਾ ਲੱਗਾ ਕਿ ਰੱਬ ਨੇ ਮੇਰਾ ਸਰੀਰ ਆਪਣੇ ਰਹਿਣ ਲਈ ਬਣਾਇਆ ਹੈ। ਗੁਰਵਾਕ ਹੈ:

ਹਰਿ ਮੰਦਰ ਇਹ ਸਰੀਰ ਹੈ—

ਜੇ ਸਰੀਰ ਦੀ ਇੰਨੀ ਮਹਾਨਤਾ ਹੈ ਤਾਂ ਇਸ ਨੂੰ ਧੂਣੀਆਂ ਤਪਾ ਕੇ ਕਿਉਂ ਤਾਇਆ ਜਾਏ ? ਭਸਮ ਮਲ ਮਲ ਕੇ ਇਸ ਦੇ ਸਰੂਪ ਨੂੰ ਕਿਉਂ ਵਿਗਾੜਿਆ ਜਾਏ ? ਇਸ ਲਈ ਗੁਰਉਪਦੇਸ਼ ਅਨੁਸਾਰ ਜੀਵਨ


www.AKJ.Org

ਜੁਗਤੀ ਅਪਨਾਉਣ ਵਾਲੇ ਸਿੱਖ ਦ ਜੀਵਨ ਹਰ ਖੇਤ੍ਰ ਵਿਚ ਕੁਚੀਲਤਾ ਤੋਂ ਦੂਰ ਹੁੰਦਾ ਹੈ ਸਗੋਂ ਉਹ ਆਪਣੇ ਕੁਦਰਤੀ ਸਰੂਪ ਦੀ ਸੰਭਾਲ ਕਰਕੇ ਸੁਚਜੀ ਜੀਵਨ ਜਾਚ ਅਪਨਾਉਂਦਾ ਹੈ। ਉਹ ਜਾਂਣਦਾ ਹੈ ਕਿ ਸਰੀਰ ਵਾਹਿਗੁਰੂ ਦੀ ਰਿਹਾਇਸ਼ ਗਾਹ ਹੈ। ਇਸ ਵਿਚ ਉਸ ਨੇ ਆਪਣੀ ਜੋਤ ਸਮੋਈ ਹੋਈ ਹੈ।

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤ ਰਖੀ ਤਾ ਤੂ ਜਗ ਮਹਿ ਆਇਆ।(ਅਨੰਦ ਸਾਹਿਬ)

ਜਿਸ ਘਰ ਵਿਚ ਉਸਦੀ ਜੋਤ ਵਸਦੀ ਹੈ ਉਸ ਘਰ ਦੀ ਸੰਭਾਲ ਬਹੁਤ ਜ਼ਰੂਰੀ ਹੈ। ਇਹ ਜੋਤ ਹੀ ਮਨੁੱਖ ਨੂੰ ਸੱਤਾ ਪ੍ਰਦਾਨ ਕਰਦੀ ਹੈ, ਜੀਵਿਤ ਰੱਖਦੀ ਹੈ। ਇਹ ਜੋਤ ਖਿੱਚੀ ਜਾਵੇ ਤਾਂ ਮਨੁੱਖ ਦੀ ਹੋਂਦ ਹੀ ਮਿਟ ਜਾਂਦੀ ਹੈ। ਸਰੀਰ ਦਾ ਹਰੇਕ ਅੰਗ ਮਨੁੱਖ ਨੂੰ ਸਤਾ ਪ੍ਰਦਾਨ ਕਰਦਾ ਹੈ ਇਸ ਲਈ ਸਰੀਰ ਦੀ ਸਮੁੱਚਤਾ ਦੀ ਸੰਭਾਲ ਆਵਸ਼ਕ ਹੈ। ਕੇਸ ਆਤਮਜੋਤ ਦੀ ਸੱਤਾ ਦਾ ਮਹਾਨ ਸ੍ਰੋਤ ਹਨ। ਸਿੱਧਾ ਨਾਥਾਂ ਵਾਗ ਰੋਂਡ ਮੋਂਡ ਹੋਣ ਵਿਚ ਕਲਿਆਣ ਸਮਝਣੀ ਭੁੱਲ ਹੈ। ਕੇਸ ਤਾਂ 'ਕੰਚਨ ਕਾਇਆ 'ਕੋਟ ਗੜ੍ਹ' ਉਤੇ ਸੁਰੱਖਿਆ ਲਈ ਸ਼ਕਤੀ ਸ਼ਾਲੀ ਮੀਨਾਰ ਹਨ। ਕੇਸ ਕਤਲ ਕਰਾਉਣ ਵਾਲੇ ਪ੍ਰਭੂ ਦੇ ਘਰ ਦੀ ਸਭ ਤੋਂ ਉਪਰਲੀ ਮਮਟੀ ਜਾਂ ਮੀਨਾਰ ਨੂੰ ਤੋੜਨ ਅਤੇ ਇਸ ਦੇ ਬਨੇਰਿਆਂ ਨੂੰ ਢਾਹ ਦੇਣ ਦੇ ਗੁਨਾਹਗਾਰ ਬਣਦੇ ਹਨ। ਕੰਨ ਪਾਟੇ ਜੋਗੀ ਨੱਕ ਕੰਨ ਨੂੰ ਛੇਦ ਕੇ ਵਾਲੀਆਂ ਪਾਉਣ ਨੂੰ ਹੀ ਪ੍ਰਭੂ ਪ੍ਰਾਪਤੀ ਦਾ ਸਾਧਨ ਮੰਨਦੇ ਹਨ। ਸਰੀਰ ਦੇ ਅੰਗਾਂ ਵਿਚ ਮੋਰੀਆਂ ਕਰਨ ਵਾਲੇ 'ਹਰੀ ਮੰਦਰ' ਦੀਆਂ ਦੀਵਾਰਾਂ ਵਿਚ ਮਾਨੋ ਮੋਰੀਆਂ ਕਰ ਰਹੇ ਹੁੰਦੇ ਹਨ। ਬਨੇਰੇ ਢਹਿ ਜਾਣ, ਮਮਟੀਆਂ ਡਿੱਗ ਪੈਣ, ਕੰਧਾਂ ਵਿਚ ਛੇਦ ਪੈ ਜਾਣ ਤਾਂ ਹਰੀ ਕੇ ਮੰਦਰ ਦਾ ਕੀ ਸਰੂਪ ਹੋਵੇਗਾ ? 'ਸਾਬਤ ਸੂਰਤ ਦਸਤਾਰ ਸਿਰਾ' ਵਾਲਾ ਉਪਦੇਸ਼ ਸਿੱਖ ਲਈ 'ਇਸ ਦੀ ਸੰਭਾਲ ਦਾ ਸੁਨਹਿਰੀ ਅਸੂਲ ਹੈ।

'ਸੋ ਦਰੁ' ਵਾਲੀ ਪਉੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਤਿੰਨ ਵਾਰੀ ਅੰਕਿਤ ਕੀਤੀ ਗਈ ਹੈ। ਉਸਦਾ ਦਰ ਤੇ ਘਰ ਕੋਈ ਵੱਖਰਾ ਨਹੀਂ ਸਗੋਂ 'ਬਲਿਹਾਰੀ ਕੁਦਰਤਿ ਵਸਿਆ ਹੋਣ ਕਰਕੇ ਸਭ ਥਾਂ ਹੈ। ਮਨੁਖ ਵੀ ਉਸੇ ਦੀ ਕੁਦਰਤ ਹੈ। ਇਸ ਲਈ ਮਨੁੱਖ ਵੀ ਉਸਦਾ ਘਰ ਹੋਇਆ। ਜੇ ਗੁਰਸਿੱਖ ਆਪਣੇ ਅੰਦਰੋਂ ਉਸਦੇ ਦਰਸ਼ਨ ਕਰ ਲਵੇ ਤਾਂ ਵਿਤਕਰੇ ਵੰਡਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਉਹ ਅਨੁਭਵ ਕਰਦਾ ਹੈ।

ਸਭ ਕੋ ਮੀਤ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ।

ਅਤੇ- ਨ ਕੋ ਮੇਰਾ ਦੁਸਮਨ ਰਹਿਆ ਨਾ ਹਮ ਕਿਸਕੇ ਬੈਰਾਈ।

ਇਸ ਕਰਕੇ ਸਾਂਝੀਵਾਲਤਾ, ਬਰਾਬਰੀ, ਭ੍ਰਾਤ੍ਰੀਅਤਾ, ਸਮਾਨਤਾ ਆਦਿ ਦਾ ਵਾਤਾਵਰਨ ਸਿਰਜਣ ਲਈ ਨਾਮ ਜਾਪ ਹੀ ਸਰਵ ਸ੍ਰੇਸ਼ਟ ਸਾਧਨ ਹੈ। ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਵਾਲੇ ਨਾਮ ਜਾਪ ਨੂੰ ਤੋਤਾ ਰਟਣੀ ਆਖ ਕੇ ਤ੍ਰਿਸਕਾਰਣ ਵਾਲੇ ਉਪਰੋਕਤ ਆਦਰਸ਼ਾਂ ਦੀ ਪੂਰਤੀ ਦੇ ਭਾਵੇਂ ਕਿੰਨੇ ਵੀ ਦਾਅਵੇ ਕਰਨ ਸਭ ਫੋਕਟ ਹਨ। ਨਾਮ ਜਾਪ ਬਿਨਾਂ 'ਸਭ ਮਹਿ ਜੋਤਿ ਜੋਤਿ ਹੈ ਸੋਇ' ਦੇ ਦਰਸ਼ਨ ਕੀਤੇ ਬਿਨਾਂ 'ਏਕ ਪਿਤਾ ਏਕਸ ਕੇ ਹਮ ਬਾਰਿਕ ' ਦਾ ਅਨੁਭਵ ਹੋ ਹੀ ਨਹੀਂ ਸਕਦਾ। ਸਮੁੱਚੀ ਮਨੁਖਤਾ ਨੂੰ ਇਕ ਲੜੀ ਵਿਚ ਪਰੋਤਾ ਵੇਖਣ ਲਈ, ਮਾਨਵਮਾਤ੍ਰ ਲਈ ਭਗਤੀ ਭਾਵ ਉਪਜਾਉਣ ਲਈ, ਉਸ ਦੇ ਦਰ ਘਰ ਤੱਕ ਪਹੁੰਚ ਦੀ ਪ੍ਰਾਪਤੀ ਲਈ ਨਾਮ ਜਾਪ ਜ਼ਰੂਰੀ ਹੈ। ਅਧਿਆਤਮਕ ਖੇਤ੍ਰ ਵਿਚ ਜਾਪ ਦਾ ਦਾਨ ਸੰਸਾਰਕ ਖੇਤਰ ਵਿਚ ਵੀ ਦਾਨ ਰੁਚੀਆਂ ਪੈਦਾ ਕਰਦਾ ਹੈ। ਜੇ ਮਨੁਖਤਾ ਦਾਨੀ ਵਾਲਾ ਰੂਪ ਅਖ਼ਤਿਆਰ ਕਰੇ ਤਾਂ ਧਰਤੀ ਉਤੇ ਹੀ ਸਵਰਗ ਦੀ ਸਥਾਪਨਾ ਹੋ ਜਾਵੇ। ਸੰਬੰਧਿਤ ਸ਼ਬਦ ਵਿਚ ਨਾਮ ਦੀ ਜੋ ਮਹਾਨਤਾ ਦਰਸਾਈ ਗਈ ਹੈ ਅਤੇ ਨਾਮ ਜਪਣ ਵਾਲੇ ਦੀ ਜੀਵਨ ਵਿਧੀ ਦਾ ਜੋ ਵਰਣਨ ਕੀਤਾ ਗਿਆ ਹੈ ਉਸੇ ਵਿਚ ਹੀ ਸਭ ਸਮੱਸਿਆਵਾਂ ਦਾ ਸਮਾਧਾਨ ਹੈ। ਇਹੋ ਹੀ ਸ੍ਰੇਸ਼ਟ ਜੀਵਨ ਜੁਗਤੀ ਹੈ। ਗੁਰੂ ਨੇ ਇਸ ਜੁਗਤੀ ਰਾਹੀਂ 'ਪੰਚ ਦੋਖ ਅਰ ਅਹੰਰੋਗ ਇਹ ਤਨ ਤੇ ਸਗਲ ਦੂਰ ਕੀਨ' ਦਾ ਉਪਦੇਸ਼ ਕੀਤਾ ਹੈ। ਅੰਮ੍ਰਿਤ ਲੁਟਣ ਵਾਲੇ ਪੰਜ ਵੈਰੀਆਂ ਦਾ ਨਾਸ਼ ਕਰਨ ਵਾਲੇ ਗੁਰੂ ਤੋਂ ਵਾਰਨੇ ਜਾਈਏ:

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ।
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ (ਆਸਾ ਮਹਲਾ ੧)

---

# ਗੁਰੂ ਨਾਨਕ ਮਾਰਗ ਦੀ ਖਾਸ ਵਿਸ਼ੇਸ਼ਤਾ
# ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਸੰਬੰਧੀ ਵੀਚਾਰ

(ਮਨਮੋਹਨ ਸਿੰਘ ਕੈਲੀਫੋਰਨੀਆਂ, ਯੂ. ਐਸ. ਏ.)

(ਲੜੀ ਜੋੜਨ ਲਈ ਫਰਵਰੀ ਅੰਕ ਦੇਖੋ)

ਇਥੇ ਇਹ ਵੀ ਦਰਸਾਣਾ ਜ਼ਰੂਰੀ ਭਾਸਦਾ ਹੈ ਕਿ ਪਰਾ-ਪੂਰਬਲੇ ਅਕਾਲ ਪੁਰਖ ਦੇ ਆਪਣੇ ਸਾਜੇ ਸਤਿਨਾਮ ਤੋਂ ਬਿਨਾਂ ਮਹਾਂਪੁਰਸ਼, ਮੁਨਜਨਾਂ ਵਲੋ ਸਾਜੇ ਅਕਾਲ ਪੁਰਖ ਦੇ ਕ੍ਰਿਤਮ ਨਾਮਾਂ ਦੀ ਅਸਲੀਅਤ ਕੀ ਹੈ। ਅਤੇ ਕਿੰਨੀ ਪਹੁੰਚ ਜਾਂ ਰਸਾਈ ਹੈ। ਕ੍ਰਿਤਮ ਜਾਂ ਸਿਫ਼ਾਤੀ ਨਾਮ ਅਨੁਭਵੀ ਪੁਰਸ਼ਾਂ ਨੇ ਅਕਾਲ ਪੁਰਖ ਦੇ ਗੁਣਾਂ ਨੂੰ ਪਰਤਖ ਦੇਖ ਕੇ ਉਸ ਅਨੁਸਾਰ ਰਚੇ। ੧ਓ ਹਰ ਥਾਂ ਤੇ ਰਮ ਰਹਿਆ ਹੈ- ਇਹ ਗੁਣ ਪਰਤਖ ਦੇਖ ਕੇ ਅਕਾਲ ਪੁਰਖ ਦਾ ਨਾਮ "ਰਾਮ" ਰਖਿਆ ਗਿਆ; ਸੰਸਾਰ ਦੀ ਹਰ ਵਸਤੂ ਦੀ ਹਰਿਆਵਲ ਦਾ ਮੂਲ ਹੋਣ ਕਰਕੇ "ਹਰੀ" ਜਾਂ "ਹਰਿ" ਨਾਮ ਪੈ ਗਿਆ; ਪਾਣੀ ਵਿਚ ਵੀ ਅਕਾਲ ਪੁਰਖ ਦੇ ਵਿਆਪਕ ਹੋਣ ਕਰਕੇ "ਨਾਰਾਇਣ", ਅੰਧਿਆਰੇ ਵਿਚ ਚਾਨਣ ਦਾ ਮੂਲ ਹੋਣ ਕਰਕੇ "ਗੋਬਿੰਦ", ਇਤਿਆਦਿ। ਪਰ ਸ੍ਰਿਸ਼ਟੀ ਦੇ ਅੰਤ ਸਮੇਂ "ਖੇਲੁ ਸੰਕੋਚੈ ਤਉ ਨਾਨਕ ਏਕੈ" (ਪੰ: ੨੯੨) ਅਨੁਸਾਰ ਸ੍ਰਿਸ਼ਟੀ ਹੀ ਨਾ ਰਹੀ ਤੇ ਕੇਵਲ ਕਰਤਾਪੁਰਖ ਹੀ ਆਪਣੀ ਸੁੰਨ ਅਵਸਥਾ ਵਿਚ ਰਹਿ ਗਿਆ ਤਾਂ ਉਦੋ ਇਨ੍ਹਾਂ ਸਿਫ਼ਾਤੀ ਨਾਮਾਂ ਵਿਚੋ ਕੋਈ ਨਾਮ ਵੀ ਨਹੀਂ ਰਹਿੰਦਾ। ਜਿਸ ਸ੍ਰਿਸ਼ਟੀ ਵਿਚ ਰਮਿਆ ਹੋਣ ਕਰਕੇ ਕਰਤੇ ਦਾ ਨਾਮ "ਰਾਮ" ਰਖਿਆ ਸੀ ਜਦ ਉਹ ਸ੍ਰਿਸ਼ਟੀ ਹੀ ਨਾ ਰਹੀ ਤਾਂ ਇਹ ਨਾਮ ਵੀ ਆਪਣੇ ਆਪ ਅਰਥਹੀਨ ਹੋ ਗਿਆ। ਇਸੇ ਤਰਾਂ ਹੀ ਬਾਕੀ ਸਿਫ਼ਾਤੀ ਨਾਮਾਂ ਦੇ ਸੰਬੰਧ ਵਿਚ ਕਿਹਾ ਜਾ ਸਕਦਾ ਹੈ। ਪਰ ਉਦੋ ਅਕਾਲਪੁਰਖ ਦਾ ਨਿਜ ਸਾਜਿਆ, ਪਰਾ-ਪੂਰਬਲਾ "ਨਾਮ" ਜੋ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਵੀ ਕਾਇਮ ਸੀ, ਉਹ ਸ੍ਰਿਸ਼ਟੀ ਦੇ ਅੰਤ ਤੋਂ ਉਪਰੰਤ ਵੀ ਅਕਾਲਪੁਰਖ ਦੇ ਸੰਗ ਹੀ ਦਾਇਮ ਰਹੇਗਾ :

ਆਸਤ ਨਾਸਤ ਏਕੋ ਨਾਉ॥ (ਪੰ: ੯੫੩)

ਭਾਵ: ਕੇਵਲ ਇਕ ਨਾਮ (ਸਤਿਨਾਮ) ਹੀ ਹੈ ਜੋ ਸੰਸਾਰ ਦੀ ਹੋਂਦ ਵੇਲੇ ਵੀ ਸੀ ਤੇ ਅਨਹੋਂਦ ਵੇਲੇ ਵੀ ਸੀ ਤੇ ਹੋਵੇਗਾ।

ਇਸੇ ਲਈ ਗੁਰ ਫ਼ੁਰਮਾਨ ਹੈ :

ਤੇਰੇ ਨਾਮ ਅਨੇਕ ਕੀਮਤਿ ਨਹੀ ਪਾਈ॥ ਸਚੁ ਨਾਮੁ ਹਰਿ ਹਿਰਦੈ ਵਸਾਈ॥ (ਪੰ: ੧੦੬੭)

ਹੇ ਅਕਾਲਪੁਰਖ । ਤੇਰੇ ਅਨੇਕ ਨਾਮ ਮਹਾਂਪੁਰਸ਼ਾਂ ਨੇ ਰਚੇ ਪਰ ਉਨ੍ਹਾਂ ਦੇ ਰਾਹੀਂ ਤੇਰੇ ਤਕ ਪਹੁੰਚ ਕਿਸੇ ਦੀ ਨਹੀਂ ਹੋ ਸਕੀ। ਇਸ ਲਈ ਹੁਣ ਤਾਂ ਤੇਰੇ ਪਰਾ-ਪੂਰਬਲੇ ਸਤਿਨਾਮ ਨੂੰ ਹੀ ਮੈ ਹਿਰਦੇ ਵਿਚ ਵਸਾਇਆ ਹੈ।

ਇਸ ਸਤਿਨਾਮ ਦੇ ਰਾਹੀਂ ਜਗਤ ਉਧਾਰ ਦੇ ਮਹਾਨ ਉਪਕਾਰ ਲਈ ਸਤਿਗੁਰੂ ਨਾਨਕ ਦੇਵ ਜੀ ਨੂੰ, ਜੋ ਜੋਤਿ ਕਰਕੇ ਅਕਾਲ ਪੁਰਖ ਦਾ ਆਪਣਾ ਹੀ ਸਰੂਪ ਸੀ, ਅਕਾਲਪੁਰਖ ਨੇ ਭੇਜਿਆ। ਇਸੇ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਸੰਬੰਧੀ ਇਹ ਮਹਾਂਵਾਕ ਹਨ :

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰ ਉਪਕਾਰੀ ਆਏ॥ (ਪੰ: ੭੪੯)
ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ॥ (ਪੰ:੬੯੭)
ਗੁਪਤੀ ਬਾਣੀ ਪਰਗਟੁ ਹੋਇ॥ ਨਾਨਕ ਪਰਖਿ ਲਏ ਸਚੁ ਸੋਇ॥ (ਪੰ: ੯੪੪)
ਗੁਹਝ ਕਥਾ ਇਹ ਗੁਰ ਤੇ ਜਾਣੀ॥ ਨਾਨਕ ਬੋਲੈ ਹਰਿ ਹਰਿ ਬਾਣੀ॥ (ਪੰ: ੭੩੯)

ਭਾਵ : ਸ੍ਰੀ ਗੁਰੂ ਨਾਨਕ ਜੀ ਤੋਂ ਕੁਰਬਾਨ ਜਾਈਏ ਜਿਨ੍ਹਾਂ ਨੇ ਗੁਪਤ ਸਤਿਨਾਮ ਨੂੰ ਪ੍ਰਗਟ ਕਰਕੇ ਜਗਤ ਕਲਿਆਣ ਦਾ ਧੁਰਵਾ ਬੰਨ੍ਹਿਆ। ਜਿਸ ਪ੍ਰਾਣੀ ਤੇ ਗੁਰੂ ਨਾਨਕ ਮੇਹਰ ਸਦਕਾ ਇਹ ਸਤਿਨਾਮ ਰੂਪੀ ਗੁਪਤ ਬਾਣੀ ਪ੍ਰਗਟ ਹੋ ਗਈ ਉਸ ਨੂੰ ਆਦਿ, ਹੈਭੀ ਤੇ ਹੋਸੀ ਭੀ ਸਚੁ, ਅਕਾਲ ਪੁਰਖ ਵਾਹਿਗੁਰੂ ਦੀ


www.AKJ.Org

ਸੱਚੀ ਪਛਾਣ ਹੋ ਗਈ। ਇਥੇ ਇਕ ਹੋਰ ਭੁਲੇਖਾ ਦੂਰ ਕਰਨਾ ਵੀ ਜ਼ਰੂਰੀ ਹੈ। ਕਈਆਂ ਦਾ ਇਹ ਵੀਚਾਰ ਹੈ ਕਿ ਸਤਿਨਾਮ ਦਾ ਇਹ ਚਾਰ ਅੱਖਰਾਂ ਵਾਲਾ ਸ਼ਬਦ ਹੀ ਅਕਾਲ ਪੁਰਖ ਦਾ ਸਤਿਨਾਮ ਹੈ ਕਿਉਂਕਿ ਇਸ ਦਾ ਭਾਵ ਅਰਥ ਹੀ ਹੈ ਸੱਚਾ ਜਾਂ ਸਦਾ ਰਹਿਣ ਵਾਲਾ ਨਾਮ। ਇਸ ਲਈ ਐਸੇ ਪ੍ਰਾਣੀ ਇਸ ਅੱਖਰ 'ਸਤਿਨਾਮ ਦਾ ਜਾਪ-ਸਿਮਰਨ ਕਰਨਾ ਹੀ ਕਰਤੇ ਪੁਰਖ ਦੀ ਉਪਾਸ਼ਨਾ ਭਗਤੀ ਮੰਨਦੇ ਹਨ। ਗੁਰਮਤਿ ਅਨੁਸਾਰ ਅੱਖਰ ਸਤਿਨਾਮ ਪਰਾ ਪੂਰਬਲੇ ਨਾਮ ਦਾ ਲਖਾਇਕ ਵਿਸ਼ੇਸ਼ਣ ਹੈ ਅਤੇ ਉਹ ਪਰਾ-ਪੂਰਬਲੇ ਨਾਮ ਜੋ ਅਕ੍ਰਿਤਮ ਨਾਮ ਹੈ, ਜਿਸ ਨੂੰ ਅਕਾਲ ਪੁਰਖ ਦੀ ਰਚੀ ਰਚਨਾ ਵਿਚੋਂ ਕਿਸੇ ਨੇ ਨਹੀਂ ਰਚਿਆ ਬਲਕਿ ਅਕਾਲ ਪੁਰਖ ਨੇ ਆਪ ਹੀ "ਆਪੀਨੈ ਰਚਿਓ ਨਾਉ" ਦੇ ਮਹਾਂਵਾਕ ਅਨੁਸਾਰ ਰਚਿਆ, ਉਹ ਇਕ ਵਖਰਾ ਨਾਮ ਹੈ ਜੋ ਸਤਿਗੁਰੂ ਜੀ ਗੁਰਮੰਤ੍ਰ ਦੇ ਰੂਪ ਵਿਚ "ਹਰਿ ਕਾ ਨਾਮ ਦੀਉ ਗੁਰ ਮੰਤ੍ਰ" (ਪੰ: ੧੯੦) ਅਭਿਲਾਸ਼ੀ, ਮੁਤਲਾਸ਼ੀ ਤੇ ਅਧਿਕਾਰੀ ਜਨਾਂ ਨੂੰ ਦਰਸਾਉਂਦੇ ਦ੍ਰਿੜਾਉਂਦੇ ਸਨ ਤੇ ਹਨ। ਗੁਰਮੰਤ੍ਰ ਦੀ ਇਕ ਖਾਸ ਵਿਸ਼ੇਸ਼ਤਾ ਹੈ ਕਿ ਇਹ ਸਦਾ ਹੀ ਗੁਪਤ ਰਹਿੰਦਾ ਹੈ ਤੇ ਕੇਵਲ ਗੁਰੂ ਦੀ ਰਾਹੀਂ ਹੀ ਅਧਿਕਾਰੀ ਜਨਾਂ ਨੂੰ ਪ੍ਰਾਪਤ ਹੁੰਦਾ ਹੈ। ਇਸੇ ਮਰਯਾਦਾ ਅਨੁਸਾਰ ਅਕਾਲ ਪੁਰਖ ਵਲੋਂ ਸਤਿਨਾਮ ਦਰਸਾਉਣ, ਪ੍ਰਗਟਾਉਣ ਤੇ ਅਧਿਕਾਰੀ ਜਾਂ ਨੂੰ ਦ੍ਰਿੜ ਕਰਾਉਣ ਦਾ ਅਧਿਕਾਰ ਕੇਵਲ ਤੇ ਕੇਵਲ ਪੂਰੇ ਤੇ ਸੱਚੇ ਗੁਰੂ, ਅਕਾਲ ਪੁਰਖ ਦੀ ਨਿੱਜ ਗੁਰ ਜਯੋਤਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਹੀ ਪ੍ਰਾਪਤ ਹੋਇਆ ਅਤੇ ਦ੍ਰਿੜਾਇਆ ਗਿਆ :

ਸਚੁ ਨਾਮੁ ਕਰਤਾਰੁ ਸੁ ਦ੍ਰਿੜੁ, ਨਾਨਕਿ ਸੰਗ੍ਰਹਿਅਉ॥ (ਪੰ: ੧੩੯੫)

ਭਾਵ: ਕਰਤਾਰ ਮਈ ਸਤਿਨਾਮ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਰਤਾਰ ਨੇ ਆਪ ਹੀ ਦ੍ਰਿੜ ਕਰਾਇਆ ਤੇ ਇਸ ਤਰਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਚੇ ਨਾਮ ਨੂੰ ਸੰਗ੍ਰਹਿਣ ਕੀਤਾ।

ਇਸ ਲਈ ਜ਼ਰੂਰੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਵੀ ਏਸ ਨੂੰ ਗੁਪਤ ਹੀ ਰਖਦੇ ਤੇ ਉਹਨਾਂ ਗੁਪਤ ਹੀ ਰਖਿਆ। ਆਪ ਅਧਿਕਾਰੀ ਜਨਾਂ ਪਾਸ ਜਾ ਜਾ ਕੇ, ਉਨ੍ਹਾਂ ਦੀ ਪਰਖ ਕਰਕੇ, ਹਿਰਦਾ ਨਿਰਮਲ ਕਰਕੇ ਉਨ੍ਹਾਂ ਪ੍ਰਤਿ ਗੁਪਤੋ ਗੁਪਤ ਹੀ ਦਰਸਾਉਂਦੇ ਦ੍ਰਿੜਾਉਂਦੇ ਰਹੇ। ਐਥੋਂ ਤਕ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਵਾਗੂੰ ਹੀ ਸਤਿਨਾਮ ਦੇ ਸੋਮੇ ਹਨ, ਵਿਚ ਵੀ ਆਮ ਤੌਰ ਤੇ ਗੁਪਤ ਹੀ ਰਖਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੂਹ ਬਾਣੀ ਸਤਿਨਾਮ ਨੂੰ ਹੀ ਦਿੜਾਉਂਦੀ ਹੈ ਅਤੇ ਥਾਂ ਥਾਂ ਤੇ ਸਤਿਨਾਮ ਦੀ ਮਹਿਮਾ, ਸਿਮਰਨ, ਜਾਪ ਸੰਬਧੀ ਮਹਾਂਵਾਕ ਹਨ ਪਰ ਸਤਿਨਾਮ ਦੇ ਥਾਂ ਹੋਰ ਦਕ੍ਰਤਮ ਨਾਮ: ਗੋਪਾਲ, ਹਰਿ, ਰਾਮ, ਆਦਿ ਜਾਂ ਕੇਵਲ ਨਾਮ, ਨਾਉ, ਸਬਦ, ਸਚਾ, ਸਬਦ, ਸਚਾ ਨਾਮ, ਸਤਿ ਨਾਮ, ਏ ਕੋ ਨਾਮ, ਆਦਿਕ ਸੰਕੇਤਨ ਸ਼ਬਦ ਹੀ ਵਰਤੇ ਹਨ। ਸੋ ਸਤਿਗੁਰੂ ਨੇ ਆਪ ਹੀ :

ਨਾਮੁ ਰਤਨੁ ਲੈ ਗੁਝਾ ਰਖਿਆ॥ (ਪੰ: ੧੩੦)

ਇਸ ਗੁਪਤ ਨਾਮ ਦੇ ਦਰਸਾਉਣ ਤੇ ਦ੍ਰਿੜਾਉਣ ਦਾ ਅਧਿਕਾਰ ਅਕਾਲ ਪੁਰਖ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬਖਸ਼ਿਆ। ਇਸੇ ਲਈ ਗੁਰਬਾਣੀ ਵਿਚ ਥਾਂ ਥਾਂ ਤੇ ਇਸ ਸਬੰਧੀ ਤਕੀਦੀ ਇਸ਼ਾਰੇ ਮਿਲਦੇ ਹਨ :

ਗੁਰ ਪਰਸਾਦੀ ਮਿਲਿ ਰਹੈ ਸਚੁ ਨਾਮੁ ਕਰਤਾਰੁ॥ (ਪੰ: ੩੩)

ਭਾਵ : ਕਰਤਾਰ ਕਰਤਾ ਪੁਰਖ ਦਾ ਸੱਚਾ ਨਾਮ ਕੇਵਲ ਗੁਰੂ ਨਾਨਕ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਹੁੰਦਾ ਹੈ।

ਸਤਿਗੁਰੁ ਦਾਤਾ ਰਾਮਨਾਮ ਕਾ ਹੋਰੁ ਦਾਤਾ ਕੋਈ ਨਾਹੀ॥ (ਪੰ: ੧੨੫੯)
ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ ਭੰਨਣ ਘੜਨ ਸਮਰਥੁ॥ (ਪੰ: ੩੧੭)
ਧੁਰਿ ਖਸਮੈ ਕਾ ਹੁਕਮੁ ਪਇਆ ਵਿਣੁ ਸਤਿਗੁਰ ਚੇਤਿਆ ਨ ਜਾਇ॥ (ਪੰ: ੫੫੬)
ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥ (ਪੰ: ੪੬੬)
ਨਾਨਕ ਬਿਨੁ ਸਤਿਗੁਰ ਨਾਉ ਨ ਪਾਈਐ ਜੇ ਸਉ ਲੋਚੈ ਕੋਈ॥ (ਪੰ: ੧੪੧੬)

ਸੋ ਸਪਸ਼ਟ ਹੈ ਕਿ ਇਹ ਅਜ਼ਲੀ ਤੇ ਅਕਾਲ ਪੁਰਖ ਦਾ ਨਿੱਜ ਰਚਿਆ ਪਰਾ ਪੂਰਬਲਾ ਸਤਿਨਾਮ


www.AKJ.Org

ਗੁਰੂ ਨਾਨਕ ਦੇਵ ਜੀ ਤੋਂ ਪਹਿਲੇ, ਕਿਸੇ ਮਹਾਂਪੁਰਸ਼ ਨੇ ਨਹੀ ਦਰਸਾਇਆ ਤੇ ਦ੍ਰਿੜਾਇਆ। ਸੋ ਕਲਜੁਗ ਵਿਚ ਕੇਵਲ ਤੇ ਸਚੇ, ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਪਾਸੋਂ ਹੀ ਪ੍ਰਾਪਤ ਹੋ ਸਕਦਾ ਹੈ ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਤਾਂ ਹੋਰ ਸੱਚਾ ਪੂਰਾ ਗੁਰੂ ਕੋਈ ਹੈ ਹੀ ਨਹੀਂ।

ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ॥ (ਪੰ: ੪੩੫)
ਨਾਨਕ ਗੁਰੂ ਗੁਰੂ ਹੈ ਪੂਰਾ ਮਿਲਿ ਸਤਿਗੁਰ ਨਾਮੁ ਧਿਆਇਆ॥ (ਪੰ: ੮੮੨)

ਭਾਵੇਂ ਇਸ ਸਤਿਨਾਮ ਨੂੰ ਆਮ ਤੌਰ ਤੇ ਗੁਪਤ ਹੀ ਰਖਿਆ ਗਿਆ ਪਰ ਅਕਾਲੀ ਯੋਜਨਾ ਅਨੁਸਾਰ ਗੁਰ ਨਾਨਕ ਜੋਤਿ ਨੇ ਰਹਿੰਦੀ ਦੁਨੀਆਂ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਖਾਲਸਾ ਪੰਥ ਵਿਚ ਨਿਵਾਸ ਕਰਕੇ ਸਾਰੀ ਸ੍ਰਿਸ਼ਟੀ ਦੇ ਉਧਾਰ ਦਾ ਪ੍ਰਬੰਧ ਕਰਨਾ ਸੀ ਸੋ ਇਸ ਨੇ ਇਕ ਦਿਨ ਪ੍ਰਗਟ ਹੋਣਾ ਹੀ ਸੀ। ਹੋ ਸਕਦਾ ਹੈ ਕਿ ਇਸੇ ਮੰਤਵ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤਲੇ ਭੱਟਾਂ ਦੇ ਸਵਯਾਂ ਵਿਚ ਤੇ ਫਿਰ ਇਸ ਤੋਂ ਉਪ੍ਰੰਤ ਵਿਚ ਭਾਈ ਗੁਰਦਾਸ ਜੀ ਨੇ ਇਸ ਗੁਪਤ ਨਾਮ ਨੂੰ ਆਪਣੀ ਰਚਨਾ ਵਿਚ ਪ੍ਰਗਟ ਤੌਰ ਤੇ ਲਿਖ ਦਿਤਾ ਤਾਂ ਜੋ ਇਸ ਸੰਬਧੀ ਭਵਿਖ ਵਿਚ ਕਿਸੇ ਕਿਸਮ ਦਾ ਭੁਲੇਖਾ ਨਾ ਪੈ ਸਕੇ। ਭਾਈ ਗੁਰਦਾਸ ਜੀ ਦੀ ਰਚਨਾ ਨੂੰ 'ਧੁਰ ਕੀ ਬਾਣੀ ਦੀ ਕੁੰਜੀ' ਦਾ ਵਰਦਾਨ ਗੁਰੂ ਸਾਹਿਬ ਨੇ ਆਪ ਦਿਤਾ ਹੈ। ਇਸ ਲਈ ਇਸ ਸੰਬੰਧੀ ਕੋਈ ਸ਼ੰਕਾ ਨਹੀਂ ਰਹਿ ਜਾਂਦਾ। ਭਾਈ ਗੁਰਦਾਸ ਜੀ ਇਸ ਤਰ੍ਹਾਂ ਇਸ ਸਤਿਨਾਮੁ ਨੂੰ ਪ੍ਰਗਟਾਉਂਦੇ ਤੇ ਦਰਸਾਉਂਦੇ ਹਨ :

ਬੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ॥ (੧੨/੧੭)
ਸਤਿਰੂਪੁ ਸਤਿਨਾਮੁ ਕਰਿ, ਸਤਿਗੁਰ ਨਾਨਕ ਦੇਉ ਜਪਾਇਆ॥

..........................................................................................

ਵਾਹਿਗੁਰੂ ਗੁਰ ਸਬਦੁ ਸੁਣਾਇਆ॥ (੨੪/੧)
ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥ (੧੩/੨)
ਵਾਹਿਗੁਰੂ ਸਾਲਾਹਣਾ ਗੁਰ ਸਬਦ ਅਲਾਏ॥ (੯/੧੩)
ਵਾਹਿਗੁਰੂ ਗੁਰੁ ਸਬਦੁ ਲੈ, ਪਿਰਮ ਪਿਆਲਾ ਚੁਪਿ ਚਬੋਲਾ॥ (੪/੧੭)

ਸੋ ਹੁਣ ਇਹ ਭੇਦ ਖੁਲ ਗਿਆ ਕਿ ਆਦਿ ਸਚੁ, ਜੁਗਾਦ ਸਚੁ, ਹੈ ਭੀ ਸਚ ਤੇ ਹੋਸੀ ਭੀ ਸਚ ਕਰਤੇ ਪੁਰਖ ਦਾ ਆਪਣਾ ਰਚਿਆ ਸਤਿਨਾਕ ਜਿਸ ਦੇ ਰਾਹੀਂ ਸਾਰੀ ਸ੍ਰਿਸ਼ਟੀ ਦੀ ਰਚਨਾ ਹੋਈ ਤੇ ਜਿਸ ਦੇ ਸਿਮਰਨ ਨਾਲ ਹੀ ਅਕਾਲ ਪੁਰਖ ਨਾਲ ਸਮੀਪਤਾ ਤੇ ਪੂਰਨ ਕਲਿਆਣ, ਭਾਵ ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਪ੍ਰਾਪਤ ਹੋ ਸਕਦਾ ਹੈ, ਉਹ ਹੈ ਕਿ ਇਹ ਪਾਵਨ ਚਾਰ ਅਖਰਾਂ ਵਾਲਾ ਗੁਰਮੰਤ੍ਰ ਨਾਮ "ਵਾ-ਹਿ-ਗੁ-ਰੂ" ਅਤੇ ਇਹ ਨਾਮ ਕੇਵਲ ਗੁਰੂ ਨਾਨਕ ਸਾਹਿਬ ਦੇ ਘਰੋਂ ਦਰੋਂ ਹੀ ਪ੍ਰਾਪਤ ਹੋ ਸਕਦਾ ਹੈ। ਇਸ ਦਾ ਸਪਸ਼ਟ ਭਾਵ ਇਹੋ ਹੈ ਕਿ ਜਗਤ ਵਿਚ ਗੁਰੂ ਨਾਨਕ ਆਗਮਨ ਤੋਂ ਪਹਿਲਾਂ ਸਾਰੇ ਜੁਗਾਂ ਵਿਚ ਜੋ ਧਰਮ ਪ੍ਰਚੱਲਤ ਸਨ ਉਹ ਅਧਵਾਟੇ ਹੀ ਰਹੇ। ਇਸ ਦੀ ਪ੍ਰੋੜ੍ਹਤਾ ਗੁਰਬਾਣੀ ਵਿਚੋਂ ਹੀ ਮਿਲਦੀ ਹੈ:

ਸਤਿਜੁਗਿ ਸਤੁ, ਤੇਤਾ ਜਗੀ, ਦੁਆਪਰ ਪੂਜਾਚਾਰ॥
ਤੀਨੌ ਜੁਗ ਤੀਨੌ ਦਿੜੇ, ਕਲਿ ਕੇਵਲ ਨਾਮ ਅਧਾਰ॥ (ਪੰ: ੩੪੬)

ਭਾਵ: ਸਤਿਜੁਗ ਵਿਖੇ ਕੇਵਲ ਆਮ ਵਰਤੋ ਵਿਹਾਰ ਵਿਚ ਆਉਣ ਵਾਲਾ ਸਚੁ, ਤ੍ਰੇਤੈ ਜੁਗ ਵਿਚ ਜਗ ਆਦਿ ਕਰਨੇ ਤੇ ਦੁਆਪਰਿ ਜੁਗ ਵਿਚ ਪੂਜਾ ਆਚਾਰ ਆਦਿਕ ਕਰਮ ਹੀ ਪ੍ਰਧਾਨ ਸੀ। ਸਤਿਨਾਮ ਨੂੰ ਕਿਸੇ ਯੁਗ ਵਿਚ ਵੀ ਪ੍ਰਧਾਨਤਾ ਨਹੀ ਦਿਤੀ ਗਈ। ਕੇਵਲ ਕਲਿਜੁਗ ਵਿਚ ਹੀ ਸਤਿਨਾਮ ਦਾ ਪੂਰਣ ਕਲਿਆਣਕਾਰੀ ਕਰਮਾਂ-ਸਿਰ-ਕਰਮ ਪ੍ਰਧਾਨਤਾ ਵਿਚ ਆਇਆ ਤੇ ਉਹ ਵੀ ਕੇਵਲ ਧੰਨ ਗੁਰੂ ਨਾਨਕ ਦੇਵ ਜੀ ਦੀ ਰਾਹੀ। ਉਨ੍ਹਾਂ ਦੇ ਪ੍ਰਕਾਸ਼ ਤੋਂ ਪਹਿਲੇ ਕਲਿਜੁਗ ਵਿਚ ਵੀ ਕਿਸੇ ਨੂੰ ਇਸ ਦੀ ਗਿਆਤ ਨਹੀ ਸੀ। ਇਸ ਦੀ ਪ੍ਰੋੜ੍ਹਤਾ ਇਹ ਗੁਰਵਾਕ ਕਰਦਾ ਹੈ:


www.AKJ.Org

ਗੁਪਤਾ ਨਾਮੁ ਵਰਤੈ ਵਿਚਿ ਕਲਿਜੁਗਿ, ਘਟਿ ਘਟਿ ਹਰਿ ਭਰਪੂਰਿ ਰਹਿਆ॥
ਨਾਮੁ ਰਤਨੁ ਤਿਨਾ ਹਿਰਦੇ ਪ੍ਰਗਟਿਆ, ਜੋ ਗੁਰ ਸਰਣਾਈ ਭਜਿ ਪਇਆ॥ (ਪੰ: ੧੩੩੪)

ਭਾਵ: ਅਕਾਲ ਪੁਰਖ ਦਾ ਸਚਾ ਨਾਮ (ਸਤਿਨਾਮ) ਕਲਿਜੁਗ ਵਿਚ ਵਰਤ ਰਿਹਾ ਹੈ ਤੇ ਉਹ ਹਰ ਥਾਂ ਤੇ ਭਰਪੂਰ ਹੈ। ਪਰ ਇਹ ਨਾਮ ਰੂਪੀ ਰਤਨ ਉਨ੍ਹਾਂ ਦੇ ਹਿਰਦੇ ਵਿਚ ਹੀ ਵਸਦਾ ਹੈ ਜੋ ਸਤਿਗੁਰੂ ਦੀ ਸ਼ਰਣ ਵਿਚ ਭਜ ਕੇ ਆ ਪਏ। ਭਾਵ ਕਿ ਸਤਿਗੁਰੂ ਨਾਨਕ ਦੇਵ ਜੀ ਦੀ ਚਰਨ ਸ਼ਰਨ ਆਏ ਬਿਨਾਂ ਸਤਿਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਇਸੇ ਅਸਲੀਅਤ ਨੂੰ ਸ੍ਰੀ ਸੁਖਮਨੀ ਸਾਹਿਬ ਵਿਚ ਹੋਰ ਵੀ ਸ਼ਪਸ਼ਟ ਤੌਰ ਤੇ ਪ੍ਰਗਟ ਕੀਤਾ ਗਿਆ ਹੈ ਕਿ ਸਾਰਿਆਂ ਜੁਗਾਂ ਵਿਚ ਹੋਏ ਮਨੁਖਾਂ ਵਿਚੋ ਕੇਵਲ ਉਹ ਹੀ ਪਰਮਗਤੀ ਦੀ ਪ੍ਰਾਪਤੀ ਕਰ ਸਕਣਗੇ ਜੋ ਇਸ ਸਤਿਨਾਮ ਰੂਪ ਨਿਧਾਨ ਨੂੰ ਜਪਣਗੇ ਤੇ ਅਤੁਟ ਨਾਮ-ਅਭਿਆਸ ਕਮਾਈ ਕਰਨਗੇ। ਇਸੇ ਲਈ ਹੁਣ ਤਕ ਜਿਤਨੇ ਵੀ ਮਤ ਮਤਾਂਤ੍ਰ ਸ੍ਰਿਸ਼ਟੀ ਤੇ ਹੋਏ ਹਨ ਉਨ੍ਹਾਂ ਸਭਨਾਂ ਤੋਂ ਸ੍ਰੇਸ਼ਟ, ਸਭਨਾਂ ਦੇ ਉਪਰ ਇਸ ਸਤਿਨਾਮ ਰੂਪੀ ਮੱਤ ਹੀ ਹੈ:

ਇਹੁ ਨਿਧਾਨੁ ਜਪੈ ਮਨ ਕੋਇ॥ ਸਭ ਜੁਗ ਮਹਿ ਤਾ ਕੀ ਗਤਿ ਹੋਇ॥ .............
........ਸਗਲ ਮਤਾਂਤ ਕੇਵਲ ਹਰਿ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥ (ਪੰ: ੨੯੬)

ਇਸੇ ਲਈ "ਧੁਰ ਕੀ ਬਾਣੀ" ਵਿਚ ਖੁਲ੍ਹੇ ਸ਼ਬਦਾਂ ਵਿਚ ਇਹ ਪ੍ਰਗਟਾਇਆ ਗਿਆ ਹੈ ਕਿ ਇਸ ਸਾਰੇ ਪਰਪੰਚ ਵਿਚ, ਭਾਵ ਅਕਾਲ ਪੁਰਖ ਦੀ ਸਮੂੰਹ ਰਚਨਾ ਵਿਚ ਕੇਵਲ ਸਤਿਨਾਮ ਦੀ ਹੀ ਵਡਿਆਈ ਜਾਂ ਪਰਧਾਨਤਾ ਹੈ। ਮਤ ਕੋਈ ਐਵੇ ਗੁਮਾਨ ਜਾਂ ਅਭਿਮਾਨ ਕਰਦਾ ਫਿਰੇ ਕਿ ਹੋਰ ਕੋਈ ਕਿਰਤਮ ਨਾਮ ਜਾਂ ਕਰਮ ਕਾਂਡ ਦੀ ਵਡਿਆਈ ਇਸ ਦੇ ਨੇੜੇ ਵੀ ਪੁਜ ਸਕਦੀ ਹੈ:

ਇਸ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ॥ (ਪੰ: ੭੯੧)

ਤਾਂ ਤੇ ਇਸੇ ਸਤਿਨਾਮ ਦੇ ਰਾਹੀ ਹੀ ਚੌਹਾਂ ਜੁਗਾਂ ਵਿਚ ਹੋਏ ਪ੍ਰਾਣੀਆਂ ਦੀ ਪਰਮਗਤ ਹੋਣੀ ਹੈ ਸਤਿਗੁਰੂ ਨਾਨਕ ਦੇਵ ਜੀ ਦੇ ਘਰੋ ਦਰੋ ਸਤਿਨਾਮ ਲੈ ਕੇ, ਉਸ ਦੀ ਕਮਾਈ ਕਰਕੇ :

ਚਹੁ ਜੁਗਾ ਕਾ ਹੁਣਿ ਨਿਬੇੜਾ, ਨਰ ਮਨੁਖਾ ਨੋ ਏਕੁ ਨਿਧਾਨਾ॥
ਜਤ ਸੰਜਮ ਤੀਰਥ ਓਨ੍ਹਾ ਜੁਗਾ ਕਾ ਧਰਮ ਹੈ, ਕਲਿ ਮਹਿ ਕੀਰਤਿ ਹਰਿ ਨਾਮਾ॥(ਪੰ: ੭੯੭)

ਪਿਛਲੇ ਜੁਗਾਂ ਦੇ ਧਰਮ ਕਰਮ ਸਤ, ਸੰਜਮ, ਤੀਰਥ ਯਾਤ੍ਰਾ ਆਦਿ ਕਰਮ ਕਾਂਡਾਂ ਤਕ ਹੀ ਸੀਮਤ ਰਹੇ ਹਨ। ਕੇਵਲ ਕਲਿਜੁਗ ਨੂੰ ਹੀ ਇਹ ਪ੍ਰਧਾਨਤਾ ਮਿਲੀ ਹੈ ਕਿ ਇਸ ਵਿਚ ਸੱਚੇ ਨਾਮ (ਸਤਿਨਾਮ ਜਾਂ ਹਰੀ ਦੇ ਆਪਣੇ ਨਿਜੀ ਨਾਮ) ਰਾਹੀਂ ਸਾਰੀ ਲੁਕਾਈ ਦਾ ਕਲਿਆਣ ਹੋਣਾ ਹੈ :

ਆਖੁ ਗੁਣਾ ਕਲਿ ਆਈਐ
ਤਿਹੁ ਜੁਗ ਕੇਰਾ ਰਹਿਆ ਤਪਾਵਸੁ, ਜੇ ਗੁਣ ਦੇਹਿ ਤ ਪਾਈਐ॥ (ਪੰ: ੯੦੩)

ਭਾਵ: ਹੇ ਹਰਿ ਦਰਸ਼ਨ ਅਭਿਲਾਸ਼ੀ ਵੀਰ। ਕਲਜੁਗ ਦਾ ਸਮਾਂ ਆ ਗਿਆ ਹੈ, ਤੂੰ ਹੁਣ ਹਰੀ ਦੇ ਗੁਣ ਗਾ । ਭਾਵ ਸਤਿਨਾਮ ਦੀ ਸੱਚੀ ਕਮਾਈ ਕਰ। ਪਿਛਲੇ ਤਿੰਨਾਂ ਜੁਗਾਂ ਵਿਚ ਤੇਰੇ ਕੀਤੇ ਕਰਮ ਸਫ਼ਲ ਨਹੀਂ ਹੋਏ ਤੇ ਨਾ ਉਹ ਕਰਮ ਹੁਣ ਕਿਸੇ ਲੇਖੇ ਲਗਣੇ ਹਨ। ਜੇ ਕਰ ਤੈਨੂੰ ਸਤਿਗੁਰੂ ਜੀ ਮੇਹਰ ਕਰਕੇ ਸਤਿਨਾਮ ਦੀ ਦਾਤ ਦੇਣ ਤਾਂ ਹੀ ਤੂੰ ਉਸ ਦੀ ਘਾਲ ਕਮਾਈ ਕਰ ਸਕਦਾ ਹੈਂ।

ਸੋ ਇਨ੍ਹਾਂ ਗੁਰ ਪਰਮਾਣਾਂ ਤੋਂ ਇਹ ਗਲ ਸਾਫ਼ ਪਰਗਟ ਹੋ ਗਈ ਹੈ ਕਿ ਧੰਨ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਹੋਣ ਤੋਂ ਪਹਿਲੇ, ਨਾ ਇਸ ਕਲਿਜੁਗ ਵਿਚ ਤੇ ਨਾ ਹੀ ਪਹਿਲੇ ਤਿੰਨਾਂ ਜੁਗਾਂ ਵਿਚ ਸਤਿਨਾਮ ਦੀ ਪ੍ਰਾਪਤੀ ਨਾ ਹੋਣ ਕਰਕੇ, ਮਨੁਖਤਾ ਅਕਾਲਪੁਰਖ ਦੀ ਸਮੀਪਤਾ ਪ੍ਰਾਪਤ ਨਾ ਕਰ ਸਕੀ ਤੇ ਨਾ ਹੀ ਸਚਖੰਡ ਵਿਚ ਪੁਜ ਕੇ ਜਨਮ ਮਰਨ ਤੋਂ ਰਹਤ ਹੋ ਸਕੀ। (ਚਲਦਾ)


www.AKJ.Org

# ਹੋਲੀ ਤੋਂ ਹੋਲਾ -ਮਹੱਲਾ

(ਅਜੀਤ ਕੌਰ ਲੁਧਿਆਣਾ)

ਭਾਰਤ ਤਿਓਹਾਰਾਂ ਦਾ ਦੇਸ਼ ਹੈ ਇਥੇ ਰੁਤਾਂ ਦੀ ਅਦਲ਼ਾ ਬਦਲੀ ਤਿਓਹਾਰਾਂ ਦੇ ਰੂਪ ਵਿੱਚ ਮਨਾਈ ਜਾਂਦੀ ਹੈ। ਸਦੀਆਂ ਤੋਂ ਚਲੇ ਆ ਰਹੇ ਇਹਨਾਂ ਤਿਓਹਾਰਾਂ ਵਿੱਚ ਵਹਿਮ-ਭਰਮ ਪਾਖੰਡ ਤੇ ਬੁਰਿਆਈਆ ਪ੍ਰਵੇਸ਼ ਕਰ ਚੁੱਕੀਆਂ ਸਨ। ਗੁਰੂ ਸਾਹਿਬਾਂ ਨੇ ਭਾਰਤੀ ਸਮਾਜ ਵਿੱਚ ਜਿਥੇ ਧਾਰਮਿਕ ਸਮਾਜਿਕ ਤੇ ਰਾਜਨੀਤਕ ਜਾਗ੍ਰਤੀ ਲਿਆਂਦੀ ਉਥੇ ਓਹਨਾਂ ਨੇ ਸਮਾਜ ਦੇ ਨੀਵੇਂ ਗੰਦੇ ਤੇ ਚਿਰਾਂ ਤੋਂ ਗੰਧਲੇ ਚਲੇ ਆ ਰਸਮਾਂ-ਰਿਵਾਜਾਂ ਤੇ ਤਿਓਹਾਰਾਂ ਨੂੰ ਨਵਾਂ ਰੂਪ ਦਿੱਤਾ। ਭਾਰਤ ਕਿਉਂਕਿ ਗੁਲਾਮੀ ਦੇ ਕਾਰਨ ਆਪਣਾ ਵਿਰਸਾ ਭੁੱਲ ਚੁੱਕਾ ਸੀ ਸੋ ਇਹਨਾਂ ਦੇ ਰੀਤੀ ਰਿਵਾਜ ਵੀ ਗੁਲਾਮਾਂ ਵਾਲੇ ਬਣ ਚੁੱਕੇ ਸਨ। ਗੁਰੂ ਸਾਹਿਬਾਂ ਨੇ ਫਜ਼ੂਲ ਰਸਮਾਂ-ਰਿਵਾਜਾਂ ਵਿੱਚ ਕਾਂਟ-ਛਾਂਟ ਕਰਕੇ ਇਹਨਾ ਨੂੰ ਨਵਾਂ ਰੂਪ ਪ੍ਰਦਾਨ ਕੀਤਾ। ਵਿਸਾਖੀ ਤੇ ਦਿਵਾਲੀ ਦਾ ਸਰੂਪ ਗੁਰੂ ਅਮਰਦਾਸ ਜੀ ਤੇ ਗੁਰੂ ਹਰ ਗੋਬਿੰਦ ਸਾਹਿਬ ਜੀ ਦੇ ਸਮੇਂ ਬਦਲਿਆ ਗਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਨੂੰ ਹੋਲੇ ਮਹੱਲੇ ਦਾ ਰੂਪ ਦਿੱਤਾ। ਉਹਨਾ ਨੇ ਸਮੇਂ ਦੀ ਲੋੜ ਅਨੁਸਾਰ ਇਸ ਤਿਓਹਾਰ ਨੂੰ ਫ਼ਜ਼ੂਲ ਰਸਮਾਂ-ਰਿਵਾਜਾਂ ਤੇ ਗਲਤ ਰਵਾਇਤਾਂ ਅਨੁਸਾਰ ਮਨਾਉਣ ਵਿੱਚ ਸਮਾਂ ਨਸ਼ਟ ਕਰਨ ਦੀ ਥਾਂ ਤੇ ਸਮਾਜ ਨੂੰ ਉਸਾਰੂ ਤੇ ਲਾਹੇਵੰਦ ਬਨਾਉਣ ਲਈ ਹੋਲੇ-ਮਹੱਲੇ ਦੇ ਰੂਪ ਵਿੱਚ ਮਨਾਉਣ ਦੀ ਪਿਰਤ ਚਲਾਈ।

ਹੋਲੇ ਦਾ ਤਿਓਹਾਰ ਫੱਗਣ ਸੁਦੀ ਗਿਆਰਾਂ ਤੋਂ ਚੌਵੀਤਕ ਮਨਾਇਆ ਜਾਂਦਾ ਹੈ। ਗੁਰੂ ਸਾਹਿਬ ਨੇ ਇਸ ਸਮੇਂ ਪੁਰਾਤਨ ਸੂਰਮਿਆਂ ਦੀ ਢਾਡੀ ਵਾਰਾਂ ਗਾਉਣ, ਦੀਵਾਨ ਸਜਾਉਣ ਕਥਾ-ਵਾਰਤਾ ਕਰਨ ਅਤੇ ਸ਼ਸਤ੍ਰ ਵਿਦਿਆ ਦੀ ਸਿਖਲਾਈ ਦੇਣ ਦੀ ਰੀਤ ਚਲਾਈ ਕਿਉਂਕਿ ਉਸ ਸਮੇਂ ਕੌਮ ਨੂੰ ਧਾਰਮਿਕ, ਸਮਾਜਿਕ ਤੇ ਰਾਜਸੀ ਆਜ਼ਾਦੀ ਪ੍ਰਾਪਤ ਕਰਨ ਲਈ ਮਾਨਸਿਕ ਤੇ ਸਰੀਰਕ ਸ਼ਕਤੀ ਵਧਾਉਣ ਦੀ ਲੋੜ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਸਿੱਖ ਕੌਮ ਵਿੱਚ ਆਤਮਿਕ ਸ਼ਕਤੀ ਪੈਦਾ ਕਰਨ ਲਈ ਲੋੜੀਂਦੇ ਪੁਰਾਤਨ ਸਾਹਿਤ ਦਾ ਦੇਸੀ ਭਾਸ਼ਾਵਾਂ ਵਿੱਚ ਉਲਥਾ ਕਰਵਾਇਆ ਉਥੇ ਸਰੀਰਕ ਬਲ ਪੈਦਾ ਕਰਨ ਲਈ ਸ਼ਿਕਾਰ ਖੇਡਣਾ, ਘੋੜ-ਸਵਾਰੀ, ਕੁਸ਼ਤੀਆਂ; ਤੈਰਾਕੀ, ਗਤਕਾ ਖੇਡਣਾ ਆਦਿ ਨੂੰ ਪ੍ਰਚਲਤ ਤੇ ਉਤਸਾਹਿਤ ਕੀਤਾ। ਸ਼ਸਤ੍ਰਾਂ ਦੀ ਸਿਖਲਾਈ ਹਰ ਇਕ ਗੁਰਸਿੱਖ ਲਈ ਜ਼ਰੂਰੀ ਕਰਾਰ ਦਿੱਤੀ।

ਗੁਰੂ ਗੋਬਿੰਦ ਸਿੰਘ ਜੀ ਹੋਲੇ-ਮਹੱਲੇ ਦਾ ਤਿਓਹਾਰ ਅਨੰਦਪੁਰ ਦੀ ਧਰਤੀ ਤੇ ਇਸ ਤਰ੍ਹਾਂ ਮਨਾਉਂਦੇ ਸਨ ਕਿ ਇਥੇ ਦੇਸ਼ ਦੇ ਹਰ ਕੋਨੇ ਤੋਂ ਸੰਗਤਾਂ ਇੱਕਤ੍ਰ ਹੁੰਦੀਆਂ, ਸਿੱਖਾਂ ਨੂੰ ਦਸਤਾਰ ਸਜਾਉਣ ਅਤੇ ਯੂਨੀਫਾਰਮ ਦੀ ਉਚੇਚੀ ਸਿਖਲਾਈ ਦਿੱਤੀ ਜਾਂਦੀ ਜੋ ਹਰ ਕੌਮ ਦੇ ਬੀਰ-ਰਸੀ ਕਰਤੱਵ ਲਈ ਜ਼ਰੂਰੀ ਹੁੰਦਾ ਹੈ। ਸ਼ਸਤ੍ਰਧਾਰੀ ਸਿੰਘਾਂ ਦੇ ਦੋ ਵਿਰੋਧੀ ਦਲ ਬਣਾ ਕੇ ਬਨਾਉਟੀ ਜੰਗ ਕਰਵਾ ਕੇ ਬੀਰਰਸੀ ਨੀਤੀ ਵਿੱਚ ਨਿਪੁੰਨ ਕੀਤਾ ਜਾਂਦਾ। 15 ਦਿਨ ਅਨੰਦਪੁਰ ਵਿਖੇ ਬੀਰਰਸੀ ਵਾਰਾਂ ਤੇ ਸ਼ਾਸਤ੍ਰ ਵਿਦਿਆ ਦੇ ਅਭਿਆਸ ਕਰਵਾਏ ਜਾਂਦੇ ਤੇ ਅਖੀਰਲਾ ਦਿਨ ਮਹੱਲੇ ਲਈ ਨੀਯਤ ਕੀਤਾ ਜਾਂਦਾ। ਹੋਲੇ-ਮਹੱਲੇ ਦਾ ਮਤਲਬ ਹੱਲੇ ਨਾਲ ਧਾਵਾ ਬੋਲ ਕੇ ਹੋਲਾ ਸਮਾਪਤ ਕਰਨਾ। ਉਸ ਵੇਲੇ ਦੇ ਸ਼ਕਤੀਸ਼ਾਲੀ ਸਮਰਾਟ ਔਰੰਗਜ਼ੇਬ ਦੀ ਫਰਜ਼ੀ ਕਬਰ ਬਣਾ ਕੇ ਉਸ ਉਤੇ ਛਿੱਤਰ ਮਾਰੇ ਜਾਂਦੇ ਸਨ। ਇਹ ਸਿੱਖਾਂ ਦੀ ਫੌਜ ਦਾ ਮਨੋਬਲ ਉਚਾ ਕਰਨ ਦਾ ਇੱਕ ਅਨੋਖਾ ਤੇ ਅਲੌਕਿਕ ਢੰਗ ਸੀ। ਇਸ ਦਾ ਅਸਰ ਇਹ ਹੁੰਦਾ ਸੀ ਕਿ ਹੋਲੇ-ਮਹੱਲੇ ਵਿੱਚ ਭਾਗ ਲੈਣ ਵਾਲਾ ਹਰ ਇੱਕ ਗੁਰਸਿੱਖ ਫੌਜੀ ਜ਼ਬਤ ਵਿੱਚ ਪ੍ਰਪੱਕ ਹੋ ਕੇ ਸਿੱਖੀ ਸ਼ਰਧਾ ਤੇ ਸੂਰਬੀਰਤਾ ਵਾਲੇ ਗੁਣ ਗ੍ਰਹਿਣ ਕਰਕੇ ਗਿਦੜਾਂ ਤੋਂ ਸ਼ੇਰ ਬਣਨ ਦੀ ਸਮਰੱਥਾ ਰੱਖਣ ਵਾਲਾ ਬਣ ਜਾਂਦਾ। ਉਹ ਦੇਸ਼ ਤੇ ਧਰਮ ਦੀ ਖਾਤਰ ਕੁਰਬਾਨੀ ਦੇਣ ਲਈ ਤੱਤਪਰ ਹੋਕੇ ਅਨੰਦਪੁਰ ਸਾਹਿਬ ਤੋਂ ਵਾਪਸ ਪਰਤਦਾ। ਇਸ ਤਰ੍ਹਾਂ ਇਹ ਤਿਓਹਾਰ ਪਹਿਲਾਂ ਜਿਥੇ ਭੈੜੇ ਤੇ ਕੋਝੇ ਰਸਮਾਂ-ਰਿਵਾਜਾਂ ਨਾਲ ਭਰਪੂਰ ਸੀ ਉਥੇ ਹੋਲੇ ਦੇ ਰੂਪ ਵਿੱਚ ਗੁਰੂ ਸਾਹਿਬ ਨੇ ਜੁਝਾਰੂ ਤੇ ਦੇਸ਼-ਧਰਮ ਦੀ ਰੱਖਿਆ ਲਈ ਸ਼ਹੀਦ ਹੋਣ ਵਾਲੇ ਸੂਰਬੀਰ ਪੈਦਾ ਕਰਨ ਵਾਲੇ ਤਿਓਹਾਰ ਦੇ ਰੂਪ ਵਿੱਚ ਪੇਸ਼ ਕੀਤਾ। ਗੁਰੂ ਜੀ ਦਾ ਫੁਰਮਾਨ ਸੀ ਕਿ ਜਦੋ ਬੁਰਿਆਈ ਨੂੰ ਖ਼ਤਮ ਕਰਨ ਦੇ ਹੋਰ ਸਾਰੇ ਉਪਰਾਲੇ ਖਤਮ ਹੋ ਜਾਣ ਤਾ ਉਸ

ਸੂਰਾ



www.AKJ.Org

ਵੇਲੇ ਦੁਸ਼ਟ-ਦੋਖੀ ਦੀ ਅੜੀ ਨੂੰ ਭੰਨਣ ਲਈਂ ਇੱਕ ਧਾਰਮਿਕ ਪੁਰਸ਼ ਦਾ ਜੁਝਾਰੂ ਬ੍ਰਿਤੀ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਆਪ ਜੀ ਫੁਰਮਾਉਂਦੇ ਹਨ :–

"ਜਬ ਆਵ ਕੀ ਅਉਧ ਨਿਧਾਨ ਬਨੈ, ਅਤ ਹੀ ਰਨ ਮੈਂ ਤਬ ਜੂਝ ਮਰੋਂ।"

ਇਹਨਾਂ ਸਤਰਾਂ ਦਾ ਵੀ ਇਹੋ ਹੀ ਅਰਥ ਹੈ :-

"ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸਤ, ਹਲਾਲ ਅਸਤ ਬੁਰਦਨ ਸ਼ਮਸ਼ੀਰ ਦਸਤ।'

ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਿੱਖਾਂ ਨੂੰ ਸ਼ਸਤ੍ਰਾਂ ਨਾਲ ਪ੍ਰੇਮ ਕਰਨ ਦੀ ਅਮੁੱਲੀ ਦਾਤ ਬਖਸ਼ੀ ਅਤੇ ਗੁਰੂ-ਦਰਬਾਰ ਵਿੱਚ ਆਉਣ ਵਾਲੇ ਹਰ ਇੱਕ ਸਿੱਖ ਨੂੰ ਸ਼ਸਤ੍ਰ ਤੇ ਘੋੜਾ ਲੈ ਕੇ ਆਉਣ ਦੀ ਆਗਿਆ ਕੀਤੀ। ਇਹ ਰਵਾਇਤ ਗੁਰੂ ਤੇਗ਼ ਬਹਾਦਰ ਜੀ ਤੱਕ ਕਾਇਮ ਰਹੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਜੁਝਾਰੂ ਬਿਰਤੀ ਨੂੰ ਪ੍ਰਚੰਡ ਹੀ ਨਹੀਂ ਕੀਤਾ ਸਗੋਂ ਸੰਸਾਰ ਨੂੰ ਮਹਾਨ ਜਰਨੈਲਾਂ, ਸੂਰਬੀਰਾਂ ਰੂਹਾਨੀ ਆਗੂਆਂ, ਨੀਤੀਵਾਨਾਂ ਨੂੰ ਆਪਣੇ ਸੂਰਬੀਰਤਾ ਭਰੇ ਜੰਗੀ ਕਾਰਨਾਮਿਆਂ ਦੇ ਚਮਤਕਾਰ ਵਿਖਾਕੇ ਹੈਰਾਨ ਕਰ ਦਿੱਤਾ। ਆਪ ਸ਼ਸਤ੍ਰ ਸ਼ਕਤੀ ਨੂੰ ਬਾਕੀ ਸਾਰੀਆਂ ਸ਼ਕਤੀਆਂ ਤੋਂ ਉਤਮ ਮੰਨਦੇ ਹੋਏ ਇਸ ਨੂੰ ਨਮਸਕਾਰ ਕਰਦੇ ਹਨ ਕਿਉਂਕਿ ਇਹ ਦੁਸ਼ਟਾਂ-ਦੋਖੀਆਂ ਦਾ ਸੰਘਾਰ ਕਰਦੀ ਹੈ ਇਹ ਪੀਰਾਂ, ਫ਼ਕੀਰਾਂ, ਦੁਨੀਆਂ, ਰਾਜਿਆਂ, ਮਹਾਂਰਾਜਿਆਂ ਤੇ ਹੋਰ ਹਰ ਪ੍ਰਕਾਰ ਦੀਆਂ ਸ਼ਕਤੀਆਂ ਤੋਂ ਉਤਮ ਹੈ। ਆਪ ਜੀ ਦਾ ਫੁਰਮਾਨ ਹੈ :-

'ਅਸ ਕ੍ਰਿਪਾਨ ਖੰਡੋ ਖੜਗ, ਤੁਪਕ, ਤਬਰ ਅਰ ਤੀਰ। ਸੈਫ਼, ਸਰੋਹੀ, ਸੈਥੀ, ਯਹੈ ਹਮਾਰੇ ਪੀਰ॥'

ਆਪ ਜੀ ਤਾਂ ਇਹ ਵੀ ਕਹਿੰਦੇ ਹਨ ਕਿ ਸ਼ਸਤ੍ਰਾਂ ਤੋਂ ਬਿਨਾ ਮਨੁੱਖ ਭੇਡ ਸਮਾਨ ਹੈ, ਜਿਹੜਾ ਮਰਜ਼ੀ ਉਸਨੂੰ ਹਿੱਕ ਕੇ ਲੈ ਜਾਵੇ ਤੇ ਉਸ ਦੀ ਉਨ ਲਾਹ ਲਵੇ। ਸਵੈ-ਮਾਣ, ਸਵੈ ਰੱਖਿਆ, ਸਵੈ-ਅਭਿਮਾਨ ਤੇ ਚੜ੍ਹਦੀ ਕਲਾ ਦੀ ਨਿਸ਼ਾਨੀ ਕੇਵਲ ਕ੍ਰਿਪਾਨ ਹੀ ਹੈ ਜੋ ਸਮੂਹ ਸ਼ਸਤ੍ਰਾਂ ਦਾ ਚਿੰਨ੍ਹ ਹੈ, ਆਪ ਆਦਿ ਕਾਲ ਦੇ ਕੁਹਾੜੇ ਤੋਂ ਲੈਕੇ ਵਰਤਮਾਨ ਦੇ ਪ੍ਰਮਾਣੂ ਬੰਬ ਤੱਕ ਦੇ ਸਮੂਹ ਸ਼ਸਤ੍ਰਾਂ ਨੂੰ ਪ੍ਰਣਾਮ ਕਰਦੇ ਹਨ :-

'ਜਿਤੇ ਸ਼ਸਤ੍ਰ ਨਾਮੰ, ਨਮਸਕਾਰ ਤਾਮੰ।'

ਖਾਲਸਾ ਸਾਜਨ ਤੋਂ ਪਹਿਲਾਂ ਇਹ ਤਿਓਹਾਰ ਇਸ ਤਰ੍ਹਾਂ ਮਨਾਇਆ ਜਾਂਦਾ ਸੀ ਕਿ ਸਿੱਖ ਹੱਸਦੇ ਖੇਡਦੇ, ਗੁਲਾਲ ਉਡਾਉਂਦੇ ਨੌਵੇਂ ਗੁਰੂ ਤੇਗ਼ ਬਹਾਦਰ ਜੀ ਦੇ ਦੇਹੁਰੇ ਜਾਂਦੇ ਸਨ। ਖਾਲਸਾ ਸਾਜਨ ਤੋਂ ਬਾਅਦ ਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਸੰਮਤ 1757 ਚੇਤ੍ਰਵਦੀ ਏਕਮ ਨੂੰ ਇੱਕ ਨਵਾਂ ਸਥਾਨ 'ਹੋਲਗੜ੍ਹ' ਰਚ ਕੇ ਹੋਲਾ-ਮਹੱਲਾ ਖੇਡਣ ਦੀ ਰੀਤ ਚਲਾਈ। ਇਥੇ ਸ਼ਸਤ੍ਰ-ਧਾਰੀ ਸਿੱਖਾਂ ਦੇ ਦੋ ਜਥੇ ਬਣਾ ਕੇ ਇੱਕ ਨੂੰ ਹੋਲਗੜ੍ਹ ਕੇ ਕਬਜ਼ਾ ਕਰਕੇ ਮੋਰਚੇ ਕਾਇਮ ਕਰਨ ਲਈ ਕਹਿ ਦਿੱਤਾ ਹੈ ਕਿ ਦੂਜੇ ਜੱਥੇ ਨੂੰ ਹੋਲਗੜ੍ਹ ਤੇ ਚੜ੍ਹਾਈ ਕਰਨ ਦਾ ਹੁਕਮ ਦਿੱਤਾ। ਡੇਢ ਪਹਿਰ ਘਮਸਾਨ ਦਾ ਯੁੱਧ ਹੋਇਆ। ਦੋਹਾਂ ਜੱਥਿਆਂ ਵਿੱਚ ਅੰਤਰ ਰਖਣ ਲਈ ਇਕ ਜੱਥੇ ਦੇ ਚਿੱਟੇ ਬਸਤਰ ਤੇ ਦੂਜੇ ਜੱਥੇ ਦੇ ਹਲਕੇ ਕੇਸਰੀ ਰੰਗ ਦੇ ਬਸਤਰ ਸਨ। ਬੜੇ ਯਤਨਾਂ ਤੇ ਲੜਾਈ ਦੇ ਪੇਚਾਂ ਅਨੁਸਾਰ ਅੱਗੇ ਵਧਦੀ ਹੋਈ ਕੇਸਰੀ ਬਸਤਰਾਂ ਵਾਲੀ ਸੈਨਾ ਨੇ ਹੋਲਗੜ੍ਹ ਤੇ ਕਬਜ਼ਾ ਕਰ ਲਿਆ। ਇਸ ਜਿੱਤ ਦੀ ਖੁਸ਼ੀ ਵਿੱਚ ਸਾਰੇ ਸਿੰਘ ਰਲ ਕੇ ਮਹੱਲਾ ਕਢਦੇ ਸਨ।

ਅੱਜ ਵੀ ਹੋਲੇ ਮਹੱਲੇ ਦਾ ਰਿਵਾਜ ਸਿੰਘਾਂ ਵਿੱਚ ਉਸੇ ਤਰ੍ਹਾਂ ਹੀ ਚਲਿਆ ਆ ਰਿਹਾ ਹੈ ਸ੍ਰੀ ਅਨੰਦਪੁਰ ਸਾਹਿਬ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਹੋਰ ਸ਼ਹਿਰਾਂ ਵਿੱਚ ਹੋਲਾ ਮਹੱਲਾ ਮਨਾਇਆ ਜਾਂਦਾ ਹੈ। ਨਿਹੰਗ-ਸਿੰਘਾਂ ਨੇ ਇਹ ਪ੍ਰੰਪਰਾਂ ਉਚੇਚੇ ਤੌਰ ਤੇ ਅਪਣਾਈ ਹੋਈ ਹੈ। ਇਸ ਮੌਕੇ ਤੇ ਕਈ ਪ੍ਰਕਾਰ ਦੇ ਸਰੀਰਕ ਕਰਤੱਵ ਵਖਾਉਣ ਵਾਲੇ ਘੋੜ ਸਵਾਰ ਨਿਹੰਗ ਸਿੰਘਾਂ ਤੇ ਗਤਕਾ ਪਾਰਟੀਆਂ ਸ਼ਾਮਿਲ ਹੁੰਦੀਆਂ ਹਨ। ਤੇ ਵਾਜਿਆਂ, ਢੋਲਾਂ, ਨਗਾਰਿਆਂ ਦੀ ਗੜਗੱਜ ਤੇ ਸੂਰਬੀਰਤਾਂ ਦੇ ਕਾਰਨਾਮਿਆਂ ਦੇ ਪ੍ਰਦਸ਼ਨ ਕੀਤੇ ਜਾਂਦੇ ਹਨ। ਅਸਲੀਅਤ ਤਾਂ ਇਹ ਹੈ ਕਿ ਇਹ ਸਭ ਕੁਝ ਖਾਲਸੇ ਦੀ ਚੜ੍ਹਦੀ ਕਲਾਂ ਦਾ ਪ੍ਰਤੀਕ ਹੈ। ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੋਲਾ ਮਹੱਲਾ ਚੜ੍ਹਦਾ ਹੈ ਤੇ ਸਾਰੇ ਸ਼ਹਿਰ ਦੀ ਪ੍ਰਕਰਮਾਂ ਕਰਦਾ ਹੋਇਆ ਬੁਰਜ ਬਾਬਾ ਫੂਲਾਂ ਸਿੰਘਾਂ ਜੀ ਅਕਾਲੀ ਵਿਖੇ ਜਾ ਕੇ ਸਮਾਪਤ ਹੁੰਦਾ ਹੈ। (ਬਾਕੀ ਪੰਨਾ ੧੯ ਤੇ....)

# ਸੰਤ ਸਿਪਾਹੀ - ਭਾਈ ਤਾਰਾ ਸਿੰਘ ਜੀ 'ਵਾਂ'

ਮੁਗਲ ਰਾਜ ਅੰਦਰ ਪੰਜਾਬ ਵਿਚ ਜ਼ਿਮੀਦਾਰਾ ਢੰਗ ਹੁੰਦਾ ਸੀ। ਪਿੰਡ ਦੇ ਚੌਧਰੀ ਲੋਕਾਂ ਤੇ ਬੜਾ ਜ਼ੁਲਮ ਕਰਦੇ ਸਨ। ਨੌਸ਼ਹਿਰੇ ਪਿੰਡ ਦਾ ਚੌਧਰੀ 'ਸਾਹਿਬ ਰਾਏ' ਸੀ। ਇਹ ਬੜਾ ਹੰਕਾਰੀ ਤੇ ਅਤਿਆਚਾਰੀ ਸੀ। ਇਹ ਆਪਣੀਆਂ ਘੋੜੀਆਂ ਸਿੱਖਾਂ ਦੇ ਖੇਤਾਂ ਅੰਦਰ ਚਰਨ ਲਈ ਖੁਲੀਆਂ ਛੱਡ ਦੇਂਦਾ ਸੀ। ਇਕ ਦਿਨ ਸਿੱਖਾਂ ਨੇ ਚੌਧਰੀ ਨੂੰ ਕਿਹਾ, "ਚੌਧਰੀ ਜੀ, ਆਪਣੀਆਂ ਘੋੜੀਆਂ ਬੰਨ੍ਹ ਕੇ ਰੱਖੋ।" ਅੱਗੋ ਚੌਧਰੀ ਨੇ ਉਤਰ ਦਿੱਤਾ, 'ਮੈਂ ਤੁਹਾਡੇ ਕੇਸਾਂ ਦੇ ਰੱਸੇ ਵੱਟ ਕੇ ਘੋੜੀਆਂ ਬੰਨ੍ਹਾਂਗਾ।' ਚੌਧਰੀ ਦੀ ਇਹ ਗੱਲ ਸਿੱਖਾਂ ਦੇ ਸੀਨੇ ਚੀਰ ਗਈ।ਸਿੱਖ ਕੇਸਾਂ ਬਾਰੇ ਇਹੋ ਜਿਹੇ ਗੰਦੇ ਸ਼ਬਦ ਕਿਵੇਂ ਸਹਾਰ ਸਕਦੇ ਸਨ। ਉਹਨਾਂ ਨੇ ਇਹ ਗੱਲ ਨੇੜੇ ਦੇ ਪਿੰਡ 'ਭੁਸੇ' ਵਿੱਚ ਸ. ਅਮਰ ਸਿੰਘ ਤੇ ਸ. ਬਘੇਲ ਸਿੰਘ ਨੂੰ ਜਾ ਦੱਸੀ।

ਸ. ਅਮਰ ਸਿੰਘ ਤੇ ਸ. ਬਘੇਲ ਸਿੰਘ ਨੇ ਚੌਧਰੀ ਸਾਹਿਬ ਰਾਏ ਦੀਆਂ ਘੋੜੀਆਂ ਕੱਢ ਲਈਆਂ ਤੇ ਸ. ਆਲਾ ਸਿੰਘ ਪਟਿਆਲੇ ਵਾਲੇ ਕੋਲ ਜਾ ਵੇਚੀਆਂ। ਸਾਰੀ ਮਾਇਆ ਭਾਈ ਤਾਰਾ ਸਿੰਘ ਪਿੰਡ 'ਵਾਂ' ਦੇ ਲੰਗਰ ਵਿੱਚ ਪਾ ਦਿੱਤੀ।

ਭਾਈ ਤਾਰਾ ਸਿੰਘ ਬੜਾ ਭਜਨੀਕ ਸੀ। ਪਿੰਡ ਤੋਂ ਬਾਹਰ ਉਸ ਨੇ ਆਪਣੀ ਜ਼ਮੀਨ ਉਤੇ ਗੁਰਦੁਆਰਾ ਬਣਾਇਆ ਹੋਇਆ ਸੀ। ਜਿਥੇ ਬਾਹਰੋਂ ਆਉਣ ਵਾਲੇ ਗੁਰਸਿੱਖ ਆਰਾਮ ਕਰਦੇ ਤੇ ਲੰਗਰ ਛਕਦੇ ਸਨ। ਭਾਈ ਤਾਰਾ ਸਿੰਘ ਜਿਥੇ ਨਾਮ ਬਾਣੀ ਦਾ ਸਿਮਰਨ ਕਰਦੇ ਸਨ, ਉਥੇ ਇਕ ਚੰਗਾ ਬਹਾਦਰ ਜਰਨੈਲ ਵੀ ਸਨ। ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਕਈ ਜੰਗਾਂ ਵਿੱਚ ਲੜ ਵੀ ਚੁੱਕੇ ਸਨ।

ਉਧਰ ਜਦੋਂ ਚੌਧਰੀ ਨੂੰ ਪਤਾ ਲੱਗਾ ਕਿ ਘੋੜੀਆਂ ਸ. ਬਘੇਲ ਸਿੰਘ ਨੇ ਕੱਢੀਆਂ ਹਨ ਤਾਂ ਉਸ ਨੇ ਬਘੇਲ ਸਿੰਘ ਦਾ ਪਤਾ ਲਾਇਆ। ਸ. ਬਘੇਲ ਸਿੰਘ, ਭਾਈ ਤਾਰਾ ਸਿੰਘ ਦੇ ਡੇਰੇ ਵਿਚ ਸੀ। ਚੌਧਰੀ ਆਪਣੇ ਕੁਝ ਬੰਦੇ ਲੈ ਕੇ ਭਾਈ ਤਾਰਾ ਸਿੰਘ ਦੇ ਡੇਰੇ ਤੇ ਆ ਚੜ੍ਹਿਆ। ਹੰਕਾਰ ਦੇ ਵੱਸ ਹੋਇਆ ਉਹ ਊਲ ਜਲੂਲ ਬਕਣ ਲੱਗਾ। ਸਿੱਖੀ ਸ਼ਾਨ ਦੇ ਵਿਰੁੱਧ ਵੀ ਭੈੜੇ ਬਚਨ ਕਹੇ। ਭਾਈ ਤਾਰਾ ਸਿੰਘ ਜੀ ਦੇ ਰੋਕਣ ਤੇ ਵੀ ਜਦੋਂ ਨਾ ਰੁਕਿਆ ਤਾਂ ਸਿੰਘਾਂ ਨੇ ਚੌਧਰੀ ਨੂੰ ਲੰਮਾ ਪਾ ਕੇ ਚਾਹਟਾ ਛਕਾਇਆ। ਚੌਧਰੀ ਗੁੱਸੇ ਵਿਚ ਭਰਿਆ ਪੀਤਾ ਪੱਟੀ ਦੇ ਫ਼ੌਜਦਾਰ ਕੋਲ ਜਾ ਪਿਟਿਆ।

ਪੱਟੀ ਦਾ ਫ਼ੌਜਦਾਰ ਜਾਫ਼ਰ ਬੇਗ ਸੀ। ਉਸ ਨੇ ੨੦੦ ਅਸਵਾਰ ਨਾਲ ਲੈ ਕੇ ਭਾਈ ਤਾਰਾ ਸਿੰਘ ਦੇ ਡੇਰੇ ਚੜ੍ਹਾਈ ਕਰ ਦਿੱਤੀ। ਸ. ਬਘੇਲ ਸਿੰਘ ਜੰਗਲ ਪਾਣੀ ਲਈ ਸਵੇਰੇ ਸਵੇਰੇ ਬਾਹਰ ਨਿਕਲਿਆ ਸੀ, ਅਗੋਂ ਜ਼ਾਫ਼ਰ ਬੇਗ ਦੀ ਫੌਜ ਨਾਲ ਸਾਹਮਣਾ ਹੋ ਗਿਆ,

ਸ. ਬਘੇਲ ਸਿੰਘ ਨੇ ਗੱਜ ਕੇ ਕਿਹਾ, "ਠਹਿਰੋ ਪਾਜੀਓ" ਕਿਧਰ ਜਾ ਰਹੇ ਹੋ। ਪਹਿਲਾਂ ਫ਼ੌਜਾਂ ਨਾਲ ਦੋ ਹੱਥ ਕਰਦੇ ਜਾਉ, "ਸਿੰਘ ਨੇ ਉਚੀ ਆਵਾਜ਼ ਵਿੱਚ ਬੋਲੇ ਸੋ ਨਿਹਾਲ ਦਾ ਜੈਕਾਰਾ ਗਜਾਇਆ। ਅਗੋਂ ਵੈਰੀ ਨੇ ਗੋਲੀਆਂ ਦੀ ਬੁਛਾੜ ਨਾਲ ਜਵਾਬ ਦਿੱਤਾ। ਗੋਲੀਆਂ ਦੀ ਆਵਾਜ਼ ਸੁਣ ਕੇ ਡੇਰੇ ਵਿਚਲੇ ਸਿੰਘ ਵੀ ਸ. ਬਘੇਲ ਸਿੰਘ ਦੀ ਮਦਦ ਵਾਸਤੇ ਪਹੁੰਚ ਗਏ। ਚੰਗੀ ਜੰਮ ਕੇ ਲੜਾਈ ਹੋਈ। ਸਿੰਘਾਂ ਨਾਲੋਂ ਵੈਰੀ ਦੀ ਗਿਣਤੀ ਭਾਵੇਂ ਕਾਫ਼ੀ ਸੀ ਪਰ ਫਿਰ ਵੀ ਸਿੰਘਾਂ ਦੀ ਤਲਵਾਰ ਅਗੇ ਉਹ ਟਿਕ ਨਾ ਸਕੇ।

ਇਸ ਮੁਠਭੇੜ ਵਿੱਚ ਸ. ਬਘੇਲ ਸਿੰਘ ਜੀ ਸ਼ਹੀਦ ਹੋ ਗਏ। ਦੂਜੇ ਪਾਸੇ ਫ਼ੌਜਦਾਰ ਜਾਫ਼ਰ ਬੇਗ ਦੇ ਦੋ ਭਤੀਜੇ ਤੇ ਦੱਸ ਕੁ ਹਿੰਦੂ ਮੁਸਲਮਾਨ ਮਾਰੇ ਗਏ। ਫੌਜਦਾਰ ਨੇ ਨੱਸ ਕੇ ਆਪਣੀ ਜਾਨ ਬਚਾਈ।

ਜਾਫਰ ਬੇਗ ਨੇ ਲਾਹੌਰ ਦੇ ਸੂਬੇਦਾਰ ਜ਼ਕਰੀਆਂ ਖਾਂ ਕੋਲ ਫਰਿਆਦ ਕੀਤੀ। ਜ਼ਕਰੀਆਂ ਖਾਂ ਅਗੇ ਹੀ ਸਿੰਘਾਂ ਦਾ ਵੈਰੀ ਸੀ। ਮੋਮਨ ਖਾਂ ਨੂੰ ਹੁਕਮ ਦਿੱਤਾ ਕਿ ਫ਼ੌਜ ਲੈ ਕੇ ਤਾਰਾ ਸਿੰਘ ਤੇ ਚੜ੍ਹਾਈ ਕਰੇ ਅਤੇ ਉਸ ਨੂੰ ਜਿਉਂਦਾ ਫੜ ਕੇ ਲਿਆਵੇ ਜਾਂ ਉਸ ਦਾ ਸਿਰ ਉਤਾਰ ਕੇ ਪੇਸ਼ ਕਰੇ। ਮੋਮਨ ਖਾਂ ਨੇ ੨੦੦੦ ਦੀ ਫ਼ੌਜ ਲੈ ਕੇ ਉਸ ਵੇਲੇ ਚੜ੍ਹਾਈ ਕਰ ਦਿੱਤੀ।

ਭਾਈ ਤਾਰਾ ਸਿੰਘ ਜੀ ਨੂੰ ਇਹ ਖਬਰ ਇੱਕ ਸਿੰਘ ਨੇ ਆ ਦੱਸੀ। ਸਿੰਘ ਭਾਵੇਂ ਗਿਣਤੀ ਦੇ ਪੰਜਾਹ

ਕੁ ਸਨ, ਪਰ ਸਾਰੇ ਲੜਨ ਨੂੰ ਤਿਆਰ ਹੋ ਪਏ। ਸਿੰਘ ਮੁਆਫ਼ੀ ਮੰਗਣਾ ਨਹੀਂ ਜਾਣਦੇ ਤੇ ਨਾ ਹੀ ਵੱਡੇ ਤੋਂ ਵੱਡੇ ਵੈਰੀ ਦਲ ਤੋਂ ਘਬਰਾਉਂਦੇ ਹਨ।

ਮੋਮਨ ਖਾਂ ਦੇ ਨਾਲ ਰਸਤੇ ਵਿੱਚ ਹੋਰ ਚੌਧਰੀ ਵੀ ਰਲ ਪਏ। ਮੋਮਨ ਖਾਂ ਨੇ ਤੜਕੇ ਤੜਕੇ ਆ ਕੇ ਡੇਰੇ ਤੇ ਹਮਲਾ ਕਰ ਦਿੱਤਾ। ਅਗੋਂ ਸਿੰਘ ਪਹਿਲਾਂ ਹੀ ਮੋਰਚੇ ਸਾਂਭ ਕੇ ਬੈਠੇ ਸਨ। ਸਿੰਘਾਂ ਦੀਆਂ ਗੋਲੀਆਂ ਨਾਲ ਮੂਹਰਲੀਆਂ ਫ਼ੌਜਾਂ ਧਰਤੀ ਤੇ ਢਹਿ ਪਈਆਂ।

ਘਮਸਾਣ ਦੀ ਲੜਾਈ ਹੋਈ। ਮੋਮਨ ਖਾਂ ਨੇ ਤੱਕੀ ਬੇਗ ਨੂੰ ਭੇਜਿਆ। ਤੱਕੀ ਬੇਗ ਨੂੰ ਅੱਗੇ ਵਧਦਾ ਵੇਖ ਕੇ ਭਾਈ ਤਾਰਾ ਸਿੰਘ ਨੇ ਐਸਾ ਨਿਸ਼ਾਨਾ ਮਾਰਿਆ ਕਿ ਤੱਕੀ ਬੇਗ ਦੇ ਮੂੰਹ ਵਿਚੋਂ ਖ਼ੂਨ ਦੇ ਫਉਹਾਰੇ ਛੁੱਟ ਪਏ। ਉਹ ਛੇਤੀ ਨਾਲ ਪਿਛੇ ਮੁੜਿਆ। ਅਗੋਂ ਮੋਮਨ ਖਾਂ ਨੇ ਤੱਕੀ ਬੇਗ ਨੂੰ ਮਖੌਲ ਕੀਤਾ। ਖ਼ਾਨ ਜੀ ਪਾਨ ਖਾਂ ਰਹੇ ਹੋ। ਤੱਕੀ ਬੇਗ ਨੇ ਜਵਾਬ ਦਿੱਤਾ, ਸ. ਤਾਰਾ ਸਿੰਘ ਅੱਗੇ ਪਾਨ ਦੀ ਬੀੜੇ ਵੰਡ ਰਿਹਾ ਹੈ। ਅੱਗੇ ਹੋ ਕੇ ਤੁਸੀਂ ਵੀ ਲੈ ਆਉ।

ਫਿਰ ਮੋਮਨ ਖਾਂ ਨੇ ਆਪਣੇ ਭਤੀਜੇ ਮੁਰੀਦ ਖਾਂ ਨੂੰ ਭੇਜਿਆ, ਜੋ ਤਾਰਾ ਸਿੰਘ ਜੀ ਨਾਲ ਸਿਧੇ ਟਕਰਣਾ ਚਾਹੁੰਦੇ ਸੀ ਪਰ ਰਾਹ ਵਿਚਲੇ ਸਿੰਘਾਂ ਤੋਂ ਬੱਚ ਕੇ ਕਿਵੇਂ ਨਿਕਲਦਾ। ਵੈਰੀ ਨੂੰ ਆਪਣੇ ਜਥੇਦਾਰ ਵੱਲ ਵਧਦਾ ਦੇਖ ਕੇ ਸਰਦਾਰ ਭੀਮ ਸਿੰਘ ਘੋੜਾ ਛਡ ਕੇ ਸਾਹਮਣੇ ਆ ਟਕਰਿਆ। ਉਸਨੇ ਸ਼ੇਰ ਵਾਂਗ ਭਬਕ ਕੇ ਲਲਕਾਰਿਆ 'ਮੁਰੀਦ ਖਾਂ! ਸੰਭਲ, ਤੇਰਾ ਕਾਲ ਆ ਗਿਐ'। ਭੀਮ ਸਿੰਘ ਨੇ ਪਹਿਲਾਂ ਦੋ ਵਾਰ ਕਰਕੇ ਮੁਰੀਦ ਖਾਂ ਦਾ ਮਹਾਵਤ ਮਾਰਿਆ। ਮਹਾਵਤ ਨੂੰ ਚੀਰਦੀ ਹੋਈ ਤਲਵਾਰ ਹਾਥੀ ਦੇ ਕੰਨ ਨੂੰ ਵੱਢ ਗਈ ਅਤੇ ਵੱਡਾ ਦੰਦ ਵਿਚਕਾਰੋ ਟੁੱਟ ਗਿਆ। ਪੀੜ ਦਾ ਮਾਰਿਆ ਹਾਥੀ ਪਿਛਾਂਹ ਨੂੰ ਉਠ ਨੱਠਾ। ਭੀਮ ਸਿੰਘ ਬੜਾ ਫੁਰਤੀਲਾ ਜੁਆਨ ਸੀ। ਉਹ ਹਾਥੀ ਦੀ ਪੂਛਲ ਫੜ ਕੇ ਉਤੇ ਚੜ੍ਹ ਗਿਆ ਤੇ ਤਲਵਾਰ ਨਾਲ ਮੁਰੀਦ ਖਾਂ ਦਾ ਸਿਰ ਜਾ ਵਢਿਆ। ਹੁਣ ਮੋਮਨ ਖਾਂ ਨੇ ਸਾਰੀ ਫ਼ੌਜ ਨੂੰ ਸਿੰਘਾਂ ਤੇ ਚਾੜ੍ਹ ਦਿੱਤਾ। ਤਲਵਾਰਾਂ ਚਲਣ ਲੱਗੀਆਂ। ਸਰਦਾਰ ਤਾਰਾ ਸਿੰਘ ਜੀ ਕਈਆਂ ਨੂੰ ਮੌਤ ਦੇ ਘਾਟ ਉਤਾਰ ਕੇ ਸ਼ਹੀਦੀ ਪ੍ਰਾਪਤ ਕਰ ਗਏ। ਇਹ ਘਟਨਾ ਸੰਨ 1726 ਈਸਵੀ ਦੀ ਹੈ।

---

(ਪੰਨਾ ੬ ਦਾ ਬਾਕੀ ...)

ਜਤੁ ਸਤੁ ਸੰਜਮੁ ਨਾਮੁ ਹੈ ਵਿਣੁ ਨਾਵੈ ਨਿਰਮਲੁ ਨ ਹੋਇ।।
ਪੂਰੈ ਭਾਗਿ ਨਾਮੁ ਮਨਿ ਵਸੈ ਸਬਦਿ ਮਿਲਾਵਾ ਹੋਇ।। (ਸਿਰੀ ਰਾਗੁ ਮ: ੩ ਪੰਨਾ ੩੩)

ਕਾਮ ਐਸਾ ਪ੍ਰਬਲ ਰੋਗ ਹੈ ਜਿਸ ਦੀ ਸਹੀ ਪਛਾਣ, ਪਰਖ ਕਰਨ ਵਾਲੇ ਤੇ ਢੁੱਕਵੀਂ ਦੁਆਈ ਦੇਣ ਵਾਲੇ ਡਾਕਟਰ ਵਿਰਲੇ ਹਨ। ਸਤਿਗੁਰੂ ਕਾਮਲ ਵੈਦ ਹੈ ਜਿਹੜਾ ਨਾ ਕੇਵਲ ਯੋਗ ਔਸ਼ਧੀ ਦਾ ਸੇਵਨ ਕਰਾਉਂਦਾ ਹੈ, ਪਰਹੇਜ਼ ਰੱਖਣ ਦਾ ਉਪਦੇਸ਼ ਭੀ ਦ੍ਰਿੜਾਉਂਦਾ ਹੈ। ਪਾਵਨ ਹੁਕਮ ਹੈ-

ਪਉੜੀ ॥ ਲਲਾ ਲਾਵਉ ਅਉਖਧ ਜਾਹੂ।। ਦੂਖ ਦਰਦ ਤਿਹ ਮਿਟਹਿ ਖਿਨਾਹੂ।।
ਨਾਮ ਅਉਖਧੁ ਜਿਹ ਰਿਦੈ ਹਿਤਾਵੈ।। ਤਾਹਿ ਰੋਗੁ ਸੁਪਨੇ ਨਹੀ ਆਵੈ।।
ਹਰਿ ਅਉਖਧੁ ਸਭ ਘਟ ਹੈ ਭਾਈ।। ਗੁਰ ਪੂਰੇ ਬਿਨੁ ਬਿਧਿ ਨ ਬਨਾਈ।।
ਗੁਰਿ ਪੂਰੇ ਸੰਜਮੁ ਕਰਿ ਦੀਆ।। ਨਾਨਕ ਤਉ ਫਿਰਿ ਦੂਖ ਨ ਥੀਆ।।
(ਗਉੜੀ ਬਾਵਨ ਅਖਰੀ ਮ: ੫ ਪੰਨਾ ੨੫੯)

ਸੰਜਮ ਵਿੱਚ ਕੇਵਲ ਸਾਤਵਕ ਵਿਚਾਰ, ਸਾਤਵਕ ਬਚਨ, ਸਾਤਵਕ ਖੁਰਾਕ, ਥੋੜਾ ਖਾਣਾ, ਥੋੜਾ ਸੌਣਾ ਹੀ ਸ਼ਾਮਲ ਨਹੀਂ। ਇਸ ਦੇ ਹੋਰ ਮਹੱਤਵ ਪੂਰਨ ਅੰਗ ਸਾਚੀ ਲਿਵ, ਮਨ ਦੀ ਅਡੋਲਤਾ, ਧੀਰਜ ਸ਼ਾਂਤ ਸੁਭਾਅ, ਨਿਮਰਤਾ, ਘੱਟ ਬੋਲਣਾ, ਸਹਜ ਬਿਰਤੀ, ਸਬਰ ਸਿਦਕ ਸੰਤੋਖ ਤੇ ਮਿੱਠੇ ਬਚਨ ਵੀ ਹਨ।



www.AKJ.Org

# ਗੁਲਾਮ 'ਹੋਲੀ' ਦੀ ਥਾਂ ਸੁਤੰਤਰ 'ਹੋਲਾ'

(ਗੁਰਪਵਿੱਤਰ ਸਿੰਘ)

ਪੁਰਾਣੇ ਜ਼ਮਾਨੇ ਵਿਚ ਕਿਸੇ ਵਕਤ ਹਿੰਦੂ ਧਰਮ ਦੇ ਉਪਾਸ਼ਕ ਭਾਰਤੀ ਵਡ ਵਡੇਰਿਆਂ ਨੂੰ ਵਰਣ-ਵੰਡ ਦਾ ਏਨਾ ਚਾਉ ਰਿਹਾ ਹੈ ਕਿ ਉਹਨਾਂ ਮਨੁੱਖ ਸ਼ਰੇਣੀ ਨੂੰ ਤਾਂ ਵੰਡੀਆਂ ਪਾ ਕੇ ਲੀਰੋ-ਲੀਰ ਕੀਤਾ ਹੀ ਸੀ, ਪਰ ਇਥੋਂ ਤਕ ਵੀ ਬੇਸਬਰੇ 'ਤੇ ਅਗਿਆਨ ਵਸ ਹੋਏ ਕਿ ਪਸ਼ੂ-ਪੰਛੀਆਂ ਨੂੰ ਤੇ ਦਰਖਤਾਂ ਤਕ ਨੂੰ ਵੰਡ ਕੇ ਸਾਹ ਲਿਆ- ਮਿਸਾਲ ਵਜੋਂ ਦਰਖਤਾਂ ਵਿਚੋਂ ਪਿੱਪਲ ਬ੍ਰਾਹਮਣ, ਕਿੰਤਰ ਵੈਸ਼ ਤੇ ਅੱਕ ਸ਼ੂਦਰ ਕਰਾਰ ਦੇ ਦਿੱਤਾ ਗਿਆ। ਇਵੇਂ ਹੀ ਜਨੌਰਾ ਵਿਚੋ ਸੱਪ ਤੌਂ ਪੰਛੀਆਂ ਵਿਚੋ ਕਬੂਤਰ ਬ੍ਰਾਹਮਣ, ਤੋਤਾ ਵੈਸ਼ ਤੇ ਕਾਂ ਵਿਚਾਰਾ ਸ਼ੂਦਰ ਮੰਨੇ ਗਏ। ਤਿਓਹਾਰਾਂ ਵਿਚੋਂ ਸਰਾਧ ਬ੍ਰਾਹਮਣ ਦੁਸਹਿਰਾ ਤੇ ਬਸੰਤ ਖੱਤਰੀ, ਦੀਵਾਲੀ ਵੈਸ਼ ਅਤੇ ਹੋਲੀ ਸ਼ੂਦਰ ਕਰਾਰ ਦਿੱਤੀ ਗਈ। ਧਰਮ ਸ਼ਾਸਤਰ ਅਨੁਸਾਰ ਜਿਵੇਂ ਸ਼ੂਦਰ ਲਈ ਬਹੁਤੇ ਸੰਜਮ ਦੀ ਲੋੜ ਨਹੀਂ ਰਹਿ ਜਾਂਦੀ ਤਿਵੇਂ ਹੀ ਹੋਲੀ ਦੇ ਤਿਉਹਾਰ ਵਿਚ ਇਸ ਦੇਸ਼ ਦੇ ਰਹਿਣ ਵਾਲੇ ਸੰਜਮ ਤੇ ਸਾਊਪੁਣੇ ਦੀ ਲਗਾਮ ਜ਼ਰਾ ਕੁ ਢਿੱਲੀ ਛੱਡ ਦਿਆ ਕਰਦੇ ਹਨ, ਖਰਮਸਤੀਆਂ ਕਰਦੇ ਤੇ ਗੰਦ-ਮੰਦ ਉਛਾਲ ਕੇ ਖੁਸ਼ ਹੁੰਦੇ ਹਨ।

ਸ਼ਾਇਦ ਸਮਾਜ ਨੇ ਉਦੋਂ ਆਪਣੀ ਮਰਜ਼ੀ ਨਾਲ ਹੀ ਰਾਜਨੀਤਕ, ਸਮਾਜਿਕ ਤੇ ਧਾਰਮਿਕ ਗੁਲਾਮੀ ਦੇ ਦੋਹਰੇ ਤੇ ਤੀਹਰੇ ਜਕੜਬੰਦਾਂ ਵਿੱਚ ਜਕੜੇ ਹੋਏ ਭਾਰਤੀ ਮਨੁੱਖਾਂ ਨੂੰ ਸਾਲ ਵਿਚ ਕੇਵਲ ਪੰਜ-ਸੱਤ ਦਿਨਾਂ ਦੀ ਖਰਮਸਤੀ ਕਰਨ ਦੀ ਰੀਤ ਪ੍ਰਦਾਨ ਕੀਤੀ ਜਾਂ ਇਉਂ ਆਖੋ ਕਿ ਉਹਨਾਂ ਇਸ ਦੀ ਆਜ਼ਾਦੀ ਦੇ ਦਿੱਤੀ। ਇਹਨਾਂ ਖਰਮਸਤੀ ਭਰਪੂਰ 'ਆਜ਼ਾਦੀ' ਦੇ ਦਿਨਾਂ ਵਿਚ ਉਹਨਾਂ ਦੀ ਖੁਲ੍ਹ-ਖੇਡ ਦਾ ਨਾਉ ਰਖਿਆ ਗਿਆ -'ਹੋਲੀ'।

ਮਨੁੱਖੀ ਵਿਗਿਆਨ ਅਨੁਸਾਰ ਮਨ ਦੇ ਅਚੇਤ ਮਨ ਦੀਆਂ ਹੇਠਲੀਆਂ ਤੈਹਾਂ ਹੇਠ, ਅਚੇਤ ਭਾਂਤ ਲੁਕੇ ਹੋਏ ਕੁਝ ਕੁ ਸ਼ੈਤਾਨੀ ਜਜ਼ਬੇ ਹਮੇਸ਼ਾਂ ਮੌਜੂਦ ਰਹਿੰਦੇ ਹਨ, ਜੋ ਕਿਸੇ ਨਾ ਕਿਸੇ ਰੂਪ ਵਿਚ ਰੂਪਮਾਨ ਜਾਂ ਪ੍ਰਗਟ ਹੋਣਾ ਲੋਚਦੇ ਹਨ ਤੇ ਇਹ ਹੋਲੀ ਸ਼ਾਇਦ ਉਹਨਾਂ ਜਜ਼ਬਿਆਂ ਦੇ ਪ੍ਰਗਟਾਉਣ ਦਾ ਹੀ ਇਕ ਸਾਧਨ ਸੀ ਜਾਂ ਸ਼ਾਇਦ ਪੁਰਾਣੇ ਲੋਕਾਂ ਦਾ ਇਹ ਵੀ ਖਿਆਲ ਰਿਹਾ ਹੋਵੇ ਕਿ ਜੇਕਰ ਸਾਲ ਵਿਚ ਪੰਜ-ਸੱਤ ਦਿਨ ਰੱਜ ਕੇ ਊਧੜਧੰਮੀ ਤੇ ਖਰੂਦ ਮਚਾ ਲਿਆ ਜਾਵੇ ਤਾਂ ਬਾਕੀ ਦਾ ਸਾਲ ਸ਼ਾਇਦ ਮੰਦ-ਕਰਮੀ ਸ਼ੈਤਾਨੀ ਜਜ਼ਬਿਆਂ ਉਤੇ ਕਾਬੂ ਪਾਉਣਾ ਸੋਖਾ ਹੋ ਜਾਂਦਾ ਹੋਵੇ । ਪ੍ਰੰਤੂ ਇਹ ਉਹਨਾਂ ਦੀ ਵਿਚਾਰ-ਸ਼ਕਤੀ ਦੀ ਇਕ ਨਿਰਮੂਲ, ਥੋਥੀ ਤੇ ਭਿਆਨਕ ਭੁੱਲ ਹੀ ਸੀ ਕਿਉਂਕਿ ਅੱਗ ਵਿਚ ਘਿਉ ਪਾਇਆਂ ਅਗਨੀ ਬੁਝਦੀ ਨਹੀਂ ਸਗੋਂ ਹੋਰ ਭੜਕਦੀ ਤੇ ਪ੍ਰਚੰਡ ਹੀ ਹੋਇਆ ਕਰਦੀ ਹੈ।

ਮਨੁੱਖੀ ਸੁਭਾ ਅਦਰ ਆਪਾ ਪ੍ਰਗਟਾਉਣ ਦੀ ਇੱਛਾ ਤਾਂ ਕੁਦਰਤੀ ਹੈ ਹੀ, ਪਰ ਇਹ ਮੰਨਣਾ ਪਵੇਗਾ ਕਿ ਉਹਨਾਂ ਬਜ਼ੁਰਗਾਂ ਦਾ ਆਪਾ ਪ੍ਰਗਟਾਉਣ ਦਾ ਉਕਤ ਢੰਗ ਜੋ ਹਿੰਦੁਸਤਾਨ ਵਿਚ ਬਹੁਤ ਹੱਦ ਤਕ ਅਜੇ ਵੀ ਉਸੇ ਤਰ੍ਹਾਂ ਜਾਰੀ ਹੈ, ਕਾਫੀ ਕੋਝਾ, ਨਿੰਦਣਯੋਗ ਤੇ ਸ਼ਰਮਨਾਕ ਸੀ। ਗੁਲਾਮ ਤੇ ਆਜ਼ਾਦ ਕੌਮਾਂ ਦੇ ਵਿਚਾਰਾਂ, ਜਜ਼ਬਿਆਂ ਤੇ ਅਮਲਾਂ ਵਿਚ ਜ਼ਮੀਨ-ਅਸਮਾਨ ਜਿੰਨਾ ਫਰਕ ਹੁੰਦਾ ਹੈ। ਉਤਸਵ, ਤਿਉਹਾਰ ਤੇ ਮੇਲੇ ਤਾਂ ਸਾਰੀ ਦੁਨੀਆਂ ਵਿਚ ਮਨਾਏ ਜਾਂਦੇ ਹਨ ਪਰ ਮਨਾਉਣ ਦਾ ਢੰਗ ਗੁਲਾਮ ਅਤੇ ਆਜ਼ਾਦ ਕੌਮਾ ਦਾ ਆਪੋ ਆਪਣਾ ਹੁੰਦਾ ਹੈ। ਆਜ਼ਾਦ ਕੌਮਾਂ ਦੇ ਮਨੁੱਖ ਆਜ਼ਾਦੀ ਦੀਆਂ ਜ਼ਿੰਮੇਵਾਰੀਆਂ ਨੂੰ ਮਹਿਸੂਸ ਕਰਦੇ ਹਨ। ਉਹ ਆਜ਼ਾਦੀ ਦੇ ਹੱਕਾਂ ਨੂੰ ਵਰਤਣਾ ਵੀ ਜਾਣਦੇ ਹਨ। ਇਸੇ ਲਈ ਉਹਨਾਂ ਦੀਆਂ ਰੁਚੀਆਂ ਸਾਦਾ ਤੇ ਗੰਭੀਰ, ਭਾਵਪੂਰਤ ਤੇ ਭਾਵਕਾਰ ਹੁੰਦੀਆਂ ਹਨ। ਉਹਨਾਂ ਦਾ ਹਰ ਕੰਮ ਸ਼ਰੀਫਾਨਾ ਅਤੇ ਸੰਜੀਦਾ ਹੁੰਦਾ ਹੈ, ਪਰ ਜੋ ਗੁਲਾਮ ਹਨ ਜਿਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਦਾ ਕੋਈ ਅਹਿਸਾਸ ਨਹੀਂ, ਜਿੰਨ੍ਹਾਂ ਦੇ ਜੀਵਨ ਵਿਚ ਕੋਈ ਮਹਾਨਤਾ ਨਹੀਂ ਹੁੰਦੀ ਅਤੇ ਜੋ ਹੌਲੇ ਤੇ ਹੋਛੇ ਹੁੰਦੇ ਹਨ ਉਹਨਾਂ ਦੀਆਂ ਰੁਚੀਆਂ ਵੀ ਹੌਲੀਆਂ ਤੇ ਹੋਛੀਆਂ ਹੁੰਦੀਆਂ ਹਨ। ਹੋਲੀਆਂ ਦੇ ਤਿਉਹਾਰ 'ਤੇ ਪ੍ਰਗਟ ਹੋਣ ਵਾਲੀ ਸਾਡੀ ਕੁਚੱਜਤਾ ਤੋਂ ਵੀ ਇਹ ਸਿੱਧ ਹੁੰਦਾ ਹੈ ਕਿ ਇਹ ਤਿਉਹਾਰ ਵੀ ਹਿੰਦੁਸਤਾਨ ਦੀ ਗੁਲਾਮੀ ਦੇ ਜ਼ਮਾਨੇ ਦੀ ਹੀ ਈਜਾਦ ਭਾਵ ਦੇਣ ਹੈ।

ਰੋਮਨ ਮਤ ਦਾ ਭਾਵੇਂ ਕੋਈ ਇਕ ਪੁਰਸ਼ ਬਾਨੀ ਨਹੀਂ ਸੀ। ਕਈ ਇਕ ਨੇ ਉਹਨਾਂ ਜਾਤੀਆਂ ਨੂੰ



www.AKJ.Org

ਹੋਂਦ ਵਿਚ ਲਿਆਂਦਾ ਜਿਹੜੀਆਂ ਕਿ ਜਰਮਨ, ਆਰਯਨ, ਇਟਰਸਕਨ, ਲੇਟਿਯਮ ਤੇ ਆਨ-ਅਰਬ ਜਰਮਨ ਤੇ ਹੋਰ ਯੂਨਾਨੀ ਲੋਕਾਂ ਜਿਹੜੇ ਕਿ ਭਾਜੜਾਂ ਕਰ ਕੇ ਇਟਲੀ ਵਿਚ ਆ ਵੱਸੇ ਸਨ। ਇਸ ਧਰਮ ਵਿਚ ਗ੍ਰੀਕ ਧਰਮ ਨੂੰ ਮੰਨਣ ਵਾਲੇ ਬਹੁਤ ਲੋਕ ਹੋਣ ਕਰਕੇ ਉਹਨਾਂ ਦੇ ਹੀ ਵਿਚਾਰਾਂ ਦਾ ਬਹੁਤਾ ਅਸਰ ਕਬੂਲਿਆ ਗਿਆ। ਉਹ ਖਾਸ ਕਰਕੇ ਦੇਵੀ-ਦੇਵਤਿਆਂ ਦਾ ਧਰਮ ਸੀ। ਬਹੁਤੇ ਵਿਚਾਰ ਤੇ ਨਿਯਮ ਇਟਰਸਕਨ ਧਰਮ ਦੇ ਆਏ ਸਨ ਜੋ ਕਿ ਪਹਿਲਾਂ ਹੀ ਗ੍ਰੀਕ ਆਦਿ ਬਹੁਤੇ ਧਰਮਾਂ ਦਾ ਮਿਲਗੋਭਾ ਸੀ। ਇਸ ਧਰਮ ਦੇ ਬਹੁਤ ਸਾਰੇ ਦੇਵਤੇ ਗ੍ਰੀਕ ਤੇ ਇਟਰਸਕਨ ਧਰਮ ਦੇ ਨਾਲ ਹੂ-ਬ-ਹੂ ਮਿਲਦੇ ਸਨ।

ਰੋਮਨ ਕੌਮ ਦੇ ਲੋਕਾਂ ਵਿਚ 'ਸੈਂਟਰਨੇਲੀਆਂ' ਨਾਉਂ ਦਾ ਗੁਲਾਮਾਂ ਦਾ ਇਕ ਤਿਉਹਾਰ ਮਨਾਇਆ ਜਾਂਦਾ ਸੀ। ਉਸ ਦਿਨ ਮਾਲਕ ਆਪਣੇ ਗੁਲਾਮਾਂ ਨੂੰ ਆਪਣੇ ਨਾਲ ਬਹਿ ਕੇ ਖਾਣ, ਜੂਆ ਖੇਡਣ ਤੇ ਖੁਲ੍ਹ ਕੇ ਗੱਲਬਾਤ ਕਰਨ ਦੀ ਆਜ਼ਾਦੀ ਦੇ ਦਿਆ ਕਰਦੇ ਸਨ। ਸਾਲ ਵਿਚ ਪੰਜ-ਸੱਤ ਦਿਨ ਇਸ ਤਰ੍ਹਾਂ ਆਨੰਦ ਮਨਾ ਲੈਣ ਉਪਰੰਤ ਬਾਕੀ ਦਾ ਸਾਰਾ ਸਾਲ ਉਹਨਾਂ ਗੁਲਾਮਾਂ ਅੰਦਰ ਪਸ਼ੂਆਂ ਵਾਂਗ ਮਾਰ-ਕੁਟ ਖਾਂਦਿਆਂ ਹੋਇਆ ਕੰਮ ਕਰਨ ਦੀ ਹਿੰਮਤ ਆ ਜਾਂਦੀ ਸੀ। ਸ਼ਾਇਦ ਹਿੰਦੁਸਤਾਨ ਦੇ ਬਦੇਸ਼ੀ ਮਾਲਕ ਨੇ ਵੀ ਇਥੋਂ ਦੇ ਵਸਨੀਕਾਂ ਨੂੰ ਇਸੇ ਕਰਕੇ ਹੀ ਸਾਲ ਵਿਚ ਪੰਜ-ਸੱਤ ਦਿਨ ਰੱਜ ਕੇ 'ਆਜ਼ਾਦੀ' ਮਨਾ ਲੈਣ ਦੀ ਖੁਲ੍ਹ ਦੇ ਦਿੱਤੀ ਹੋਵੇ।

ਹਿੰਦੁਸਤਾਨ ਦੇ ਧਾਰਮਿਕ ਆਗੂਆਂ ਇਸ ਤਿਉਹਾਰ ਨੂੰ ਕਈ ਸਮਾਜਕ ਤਿਉਹਾਰਾਂ ਵਾਂਗ ਧਾਰਮਕ ਰੰਗਣ ਦੇ ਕੇ ਸ਼ੁੱਧ ਕਰਨ ਦੇ ਕਈ ਯਤਨ ਕੀਤੇ ਸਨ ਪਰ ਜਾਪਦਾ ਹੈ ਕਿ ਮਨੁੱਖੀ ਫ਼ਿਤਰਤ ਅੰਦਰ ਸੁਭਾਵਿਕ ਮੌਜੂਦ ਇਹਨਾਂ ਖਰੂਦੀ ਜਜ਼ਬਿਆਂ ਦੇ ਕਾਰਨ ਹੀ ਉਹ ਸਭ ਅਸਫਲ ਹੋ ਜਾਂਦੇ ਹਨ ਤੇ ਅੱਜ ਅਸੀਂ ਇਹ ਮੰਨਣ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਜੇਕਰ ਪੁਰਾਣਾਂ ਦੀ ਕਥਾਨਕ ਅਨੁਸਾਰ ਇਹ ਹੋਲਿਕਾ ਪ੍ਰਹਿਲਾਦ ਨੂੰ ਗੋਦ ਵਿਚ ਲੈ ਕੇ ਅੱਗ ਵਿਚ ਜਾ ਬੈਠੀ ਸੀ, ਤਾਂ ਸ਼ਾਇਦ ਸਾਡੇ ਵਿਚ ਹੁਣ ਕੋਈ ਪ੍ਰਹਿਲਾਦ ਨਾ ਰਹਿ ਜਾਣ ਕਰਕੇ ਹਰ ਸਾਲ ਲੱਖਾਂ ਮਣ ਲੱਕੜੀਆਂ ਸਾੜਨ ਦੇ ਬਾਵਜੂਦ ਉਹ ਸਾਥੋਂ ਕਦੇ ਸਾੜੀ ਨਹੀਂ ਗਈ ਸਗੋਂ ਹਰ ਸਾਲ ਆ-ਆ ਕੇ ਸਾਡੀ ਮੱਤ ਮਾਰ ਲੈਂਦੀ ਹੈ ਤੇ ਜੇਕਰ ਉਹ ਛੋਟੇ ਬੱਚਿਆਂ ਨੂੰ ਸਤਾਉਣ ਵਾਲੀ 'ਢੂੰਡਾ' ਨਾਂ ਦੀ ਰਾਕਸ਼ੀ ਹੈ, ਤਾਂ ਵੀ ਸਾਡੇ ਪੁੰਨ-ਪ੍ਰਤਾਪ ਵਿਚ ਹੁਣ ਅੱਜ ਵੀ ਕੋਈ ਬਰਕਤ ਨਹੀਂ ਰਹਿ ਗਈ ਕਿ ਅਸੀਂ ਉਸ ਦਾ ਵਾਲ ਵੀ ਵਿੰਗਾ ਕਰ ਸਕੀਏ, ਸਗੋਂ ਉਲਟ ਉਹ ਹੀ ਆ ਕੇ ਹਰ ਸਾਲ ਸਾਨੂੰ ਪਾਗਲ ਬਣਾ ਲੈਂਦੀ ਹੈ।

ਸਦੀਆਂ ਤੋਂ ਅਖੌਤੀ ਗੁਲਾਮ ਲੋਕ ਇਸ ਸ਼ੂਦਰ ਨੂੰ ਏਸੇ ਤਰ੍ਹਾਂ ਮਨਾਉਂਦੇ ਆ ਰਹੇ ਸਨ। 'ਭੈਰੋਂ' ਦੇ ਸਰਾਪ ਨਾਲ ਪਾਗਲ ਹੋਏ ਮਨੁੱਖ ਸੜ ਗਈ ਹੋਲਿਕਾ ਦੀ ਸਵਾਹ ਸਿਰਾਂ ਵਿਚ ਪਾ ਕੇ ਨੱਚਦੇ-ਟੱਪਦੇ ਤੇ ਖਿੜ-ਖਿੜ ਹੱਸਦੇ ਸਨ। ਉਪਰੰਤ ਇਸ ਵਿਚ ਕੁਝ ਕੁ ਸੁਧਾਰ ਵੀ ਹੋਏ। ਗੰਦ-ਮੰਦ ਦੀ ਥਾਂ ਨੀਲੇ-ਪੀਲੇ ਰੰਗਾਂ ਨੇ ਲੈ ਲਈ ਤੇ ਸਵਾਹ ਦੀ ਥਾਂ ਗੁਲਾਲ ਉਡਣ ਲੱਗਾ। ਗੋਪੀਆਂ ਤੇ ਕਾਨ੍ਹ ਮਿਲ ਕੇ ਸਾਊ ਢੰਗ ਨਾਲ ਇਹ ਹੋਲੀਆਂ ਖੇਡਣ ਲੱਗੇ। ਪਰ ਪਿਛੋਂ ਜਾ ਕੇ ਗੁਲਾਮਾਂ ਦੀ ਕਾਇਰਤਾ ਅੱਯਾਸ਼ੀ ਵੱਲ ਵਧਣ ਲੱਗੀ। ਕੌਮਾਂ ਦਾ ਇਖ਼ਲਾਕ ਢੱਠੇ ਖੂਹ ਵਿਚ ਜਾ ਪਿਆ।

ਇਹੋ ਜਿਹੇ ਤਿਉਹਾਰ ਮਨਾਉਂਦੇ ਹੋਏ ਗੁਲਾਮ ਹਿੰਦੁਸਤਾਨ ਨੂੰ ਉਪਰ ਚੁੱਕ ਕੇ ਉਸਨੂੰ ਭਰਪੂਰ ਸਾਊ ਜ਼ਿੰਦਗੀ ਬਖ਼ਸ਼ਣ ਲਈ ਹੀ ਸੰਸਾਰ ਵਿਚ ਮਹਾਂਬਲੀ ਤੇ ਵਰਿਆਮ ਯੋਧੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਅਵਤਾਰ ਹੋਇਆ ਅਤੇ ਉਹਨਾਂ ਨੇ। ਸ੍ਰੀ ਅਨੰਦਪੁਰ ਸਾਹਿਬ ਵਿਖੇ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਪਵਿੱਤਰ ਅਸਥਾਨ 'ਤੇ ਆਪਣੇ ਸਿੱਖਾਂ ਨੂੰ ਜੀਵਨ-ਦਾਤ ਦੇਣ ਲਈ ਜਿਹੜਾ ਅਦਭੁਤ ਕੌਤਕ ਰਚਿਆ, ਉਹ ਸੰਸਾਰ ਦੇ ਇਤਿਹਾਸ ਦੀ ਇਕ ਪ੍ਰਸਿੱਧ ਘਟਨਾ ਸੀ।

ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਉਪਰੰਤ ਗੁਲਾਮ ਹਿੰਦੁਸਤਾਨ ਗੁਲਾਮ ਕੌਮਾਂ ਤੇ ਗੁਲਾਮ ਦਿਮਾਗਾਂ ਦੀ ਕਿਸਮਤ ਬਦਲ ਗਈ। ਜੀਵਨ ਨਵਾਂ-ਨਰੋਆ ਹੋ ਗਿਆ; ਉਸ ਦੇ ਸਾਰੇ ਰਾਹ ਬਦਲ ਗਏ। ਮਨੁੱਖ ਦਾ ਦਿਲ-ਦਿਮਾਗ ਬਦਲ ਗਿਆ। ਜਜ਼ਬੇ ਤੇ ਖਿਆਲ ਬਦਲ ਗਏ। ਰੂਹਾਂ ਬਦਲ ਗਈਆਂ, ਸਰੀਰ ਬਦਲ ਗਏ,



www.AKJ.Org

ਸੁਕੇ-ਸੜੇ ਤੇ ਕੋਝੇ ਸਰੀਰਾਂ ਵਿਚ ਜ਼ਿੰਦਗੀ ਲਹਿਰਾਉਣ ਲੱਗ ਪਈ। ਇਹ ਜਾਮੇ-ਆਜ਼ਾਦੀ ਸੀ, ਜਿਸ ਨੂੰ ਪੀ ਕੇ ਸਰੂਰ ਨਾਲ ਸਿੰਘਾਂ ਦੇ ਚਿਹਰੇ ਚਮਕ ਉਠੇ।

ਸਿੱਖ ਹੁਣ ਸਿੰਘ ਬਣ ਚੁੱਕਾ ਸੀ, ਸੂਰਬੀਰ ਖਾਲਸਾ, ਸ਼ਕਤੀ ਨਾਲ ਭਰਪੂਰ ਖ਼ਾਲਸਾ, ਸੁਤੰਤਰ ਤੇ ਮਹਾਂ-ਮਾਨਵ ਖਾਲਸਾ। ਗੁਲਾਮੀ ਜਿਸ ਦੀ ਹਵਾ ਨੂੰ ਵੀ ਛੋਹ ਨਹੀਂ ਸੀ ਸਕਦੀ, ਜਿਸ ਦੇ ਸਾਰੇ ਵਹਿਮਾਂ ਅਤੇ ਸਹਿਮਾਂ ਨੂੰ ਭੰਨ ਤੋੜ ਦਿੱਤਾ ਸੀ ਅਤੇ ਜੋ ਮੌਤ ਨੂੰ ਮਜ਼ਾਕ ਕਰ ਸਕਦਾ ਸੀ ਹਰ ਆਈ ਮੁਸੀਬਤ ਦਾ ਜੈਕਾਰਿਆਂ ਨਾਲ ਸਵਾਗਤ ਕਰਨ ਲੱਗ ਪਿਆ ਸੀ ਇਹ ਸੂਰਬੀਰ ਤੇ ਸਰਦਾਰ ਖਾਲਸਾ ।

ਇਹ ਮਹਾਂ-ਕ੍ਰਾਂਤੀ ਸੀ, ਭਾਰੀ ਇਨਕਲਾਬ ਜਿਸ ਤੋਂ ਪਿੱਛੋਂ ਖਾਲਸਾ ਜੀ ਨੇ, ਸਭਿਅਤਾ ਦੇ ਕਈ ਥੋਥੇ ਤੇ ਪੁਰਾਣੇ ਖੋਲੇ ਢਾਹੇ ਅਤੇ ਗੁਰਮਤਿ ਦੀ ਬੁਨਿਆਦ ਉਤੇ ਨਵੀਂ ਸੰਸਕ੍ਰਿਤੀ ਦੀ ਉਸਾਰੀ ਸ਼ੁਰੂ ਕੀਤੀ। ਨਵੇਂ ਬੋਲ ਰਚੇ, ਨਵੀਆਂ ਇਸਤਲਾਹਾਂ ਤੇ ਨਵੇਂ ਸ਼ਬਦ ਤਿਆਰ ਹੋਏ। ਇਥੋਂ ਤੀਕ ਹੀ ਨਹੀਂ ਬਲਕਿ ਸ਼ਬਦ ਬਦਲੇ, ਤੇ ਅਰਥਾਂ ਦੇ ਭਾਵ ਬਦਲੇ, ਜਿਸ ਨਾਲ ਬੋਲੀ ਚੜ੍ਹਦੀਆਂ ਕਲਾਂ ਵੱਲ ਲੈ ਜਾਣ ਦਾ ਇਕ ਸਾਧਨ ਬਣ ਗਈ।

ਹੁਣ ਸਿੰਘ ਦੀ ਰੋਟੀ-'ਪ੍ਰਸ਼ਾਦਾ' ਸੀ ਜਾਂ 'ਗੱਫਾ' ਸੀ, ਛੋਲੇ 'ਬਦਾਮ' ਤੇ ਸਾਗ 'ਸਬਜ਼ ਪਲਾਓ' ਸੀ। ਬੁਖਾਰ ਦਾ ਨਾਉਂ 'ਆਕੜ-ਭੰਨ' ਰਖਿਆ ਗਿਆ ਤੇ ਜੇ ਕਿਸੇ ਸਿੰਘ ਦੀ ਮੌਤ ਹੋ ਜਾਂਦੀ ਤਾਂ ਕਿਹਾ ਜਾਂਦਾ ਕਿ 'ਸਿੰਘ ਚੜ੍ਹਾਈ ਕਰ ਗਿਆ ਹੈ' ਜਿਵੇਂ ਪਰਲੋਕ ਨੂੰ ਫਤਹਿ ਕਰਨ ਗਿਆ ਹੁੰਦਾ ਹੈ। ਖਾਲਸਾ ਜੀ ਦੇ ਇਹਨਾਂ ਬੋਲਿਆਂ ਅਨੁਸਾਰ ਹੀ ਹੋਲੀ ਨੂੰ ਹੋਲਾ ਬਣਾ ਦਿੱਤਾ ਗਿਆ। ਇਹ ਕੋਈ ਸੁਧਾਰ ਨਹੀਂ ਸੀ, ਸਗੋਂ ਪੂਰਨ ਭਾਂਤ ਪਰਿਵਰਤਨ ਸੀ ਜਾਂ ਇਉਂ ਆਖਿਆਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਪੂਰਨ ਇਨਕਲਾਬ ਸੀ ਕਿਉਂਕਿ ਹੋਲੀ ਨੂੰ ਬਿਲਕੁਲ ਹੀ ਬਦਲ ਦਿੱਤਾ ਗਿਆ।

ਗੁਲਾਮ ਹੋਲੀਆਂ ਨਿਮਾਣੇ ਤੇ ਨਿਤਾਣੇ ਲੋਕ ਖੇਡਦੇ ਸਨ ਪਰ ਸੂਰਬੀਰ ਖ਼ਾਲਸੇ ਨੇ ਖੇਡਿਆ ਸੁਤੰਤਰ ਹੋਲਾ। ਹੋਲੀਆਂ ਖੇਡੀਆਂ ਜਾਂਦੀਆਂ ਹਨ, ਗੰਦ-ਮੰਦ ਜਾਂ ਗੁਲਾਲ ਅੰਬੀਰ ਆਦਿ ਰੰਗਾਂ ਨਾਲ, ਪਰ ਕਲਗੀਧਰ ਤੇ ਸੂਰਬੀਰ ਸਿੰਘ ਹੋਲਾ ਖੇਡਦੇ ਹਨ, ਤਲਵਾਰਾਂ, ਭਾਲਿਆਂ ਤੇ ਨੇਜ਼ਿਆਂ ਨਾਲ। ਹੋਲੇ ਦੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਜੀ ਦਾ ਜੋ 'ਮਹੱਲਾ' ਜਲੂਸ ਨਿਕਲਦਾ ਹੈ ਉਸ ਦਾ ਬੀਰਤਾ-ਭਰਪੂਰ ਨਜ਼ਾਰਾ ਮਰਦਿਆਂ ਵਿਚ ਇਕ ਨਵਾਂ ਜੀਵਨ ਭਰ ਦੇਂਦਾ ਹੈ।

---

(ਪੰਨਾ ੧੫ ਦਾ ਬਾਕੀ....)ਗੁਰੂ ਗੋਬਿੰਦ ਜੀ ਦੇ ਸਮੇਂ ਤੋਂ ਚਲਿਆ ਆ ਰਿਹਾ ਇਹ ਤਿਓਹਾਰ ਹਰ ਸਾਲ ਸਾਨੂੰ ਚੜ੍ਹਦੀ ਕਲਾ ਵਿਚ ਰਹਿਣ ਦਾ ਸੁਨੇਹਾ ਦਿੰਦਾ ਹੈ। ਸਮੇਂ ਦੇ ਨਾਲ ਨਾਲ ਸਿੱਖ ਕੌਮ ਦੇ ਕਈ ਤਰ੍ਹਾਂ ਦੇ ਉਤਰਾਅ ਚੜ੍ਹਾਅ ਆਉਂਦੇ ਰਹਿੰਦੇ ਹਨ ਪਰ ਜਦੋਂ ਵੀ ਇਸ ਕੌਮ ਤੇ ਬਹੁਤੇ ਜ਼ੁਲਮ ਹੋਏ ਉਦੋਂ ਹੀ ਇਸ ਕੌਮ ਨੇ ਬਹੁਤੇ ਜੁਝਾਰੂ ਪੈਦਾ ਕੀਤੇ। ਹੁਣ ਵੀ ਜਿਸ ਦੌਰ ਵਿਚੋਂ ਸਿੱਖ ਕੌਮ ਲੰਘ ਰਹੀ ਹੈ ਤੇ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਸੰਘਰਸ਼ ਕਰਦੀ ਹੈ। ਉਥੇ ਸਭ ਦਾ ਫਰਜ਼ ਬਣਦਾ ਹੈ ਕਿ ਅਸੀਂ ਗੁਰੂ ਕਲਗੀਧਰ ਪਾਤਸ਼ਾਹ ਦੇ ਦਸੇ ਰਸਤੇ ਤੇ ਚਲ ਕੇ ਆਪਣੇ ਵਿਰਸੇ ਨੂੰ ਹੋਰ ਅਮੀਰ ਬਣਾਈਏ। 'ਬਿਪਰਨ ਕੀ ਰੀਤ' ਦਾ ਤਿਆਗ ਕਰਕੇ ਆਪਣੇ ਨਿਆਰੇ ਪਨ ਦਾ ਸਬੂਤ ਦਈਏ ਤਾਂ ਹੀ ਸਾਡਾ ਹੋਲਾ-ਮਹੱਲਾ ਮਨਾਉਣਾ ਸਫਲ ਹੋ ਸਕਦਾ ਹੈ। ਹੋਲਾ ਮਹੱਲਾ ਸਿੱਖਾਂ ਨੂੰ ਹਰ ਸਮੇਂ ਹੇਠ ਲਿਖੀਆਂ ਤੁਕਾਂ ਯਾਦ ਕਰਵਾਉਂਦਾ ਰਹੇਗਾ :-

"ਮੰਨੂੰ ਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ, ਜਿਉਂ ਜਿਉਂ ਮੰਨੂੰ ਵੱਢਦਾ ਅਸੀਂ ਦੂਣੇ ਸਵਾਏ ਹੋਏ

---

*'ਸਾਬਤ ਸੂਰਤਿ ਦਸਤਾਰ ਸਿਰਾ' ਅਨੁਸਾਰ ਕੇਸ ਅਤੇ ਦਾੜ੍ਹਾ ਅਕਾਲ ਪੁਰਖ ਦੀ ਬਖਸ਼ਿਸ਼ ਹਨ। ਇਨ੍ਹਾਂ ਬਖਸ਼ਿਸ਼ਾਂ ਦੀ ਪਵਿੱਤਰਤਾ ਹਮੇਸ਼ਾ ਕਾਇਮ ਰੱਖੋ। ਕੇਸ ਅਤੇ ਦਾੜ੍ਹੇ ਦੀ ਬੇਅਦਬੀ ਖਾਲਸਾ ਪੰਥ ਦੀ ਬੇਅਦਬੀ ਹੋਵੇਗੀ। 'ਸਿਰ ਖੁਥੈ ਸੈਤਾਨੀ' ਅਨੁਸਾਰ ਨੰਗੇ ਸਿਰ ਸਿਖ ਸ਼ੋਭਾ ਨਹੀਂ ਦਿੰਦਾ ਸੋ ਹਰ ਗੁਰਸਿਖ ਲਈ ਦਸਤਾਰ ਸਜਾਉਣੀ ਲਾਜ਼ਮੀ ਹੈ। ਨੰਗੇ ਸਿਰ ਘੁੰਮਣਾ, ਪ੍ਰਸ਼ਾਦ ਤਿਆਰ ਕਰਨਾ, ਛਕਣਾ ਤੇ ਛਕਾਉਣਾ ਸਿੱਖ ਰਹੁ-ਰੀਤੀ ਤੋਂ ਉਲਟ ਹੈ।*



www.AKJ.Org

# ਅਮੋਲ ਰਤਨ

(ਗਿ: ਊਧਮ ਸਿੰਘ ਜੀ)

## ਹੁਕਮਨਾਮਾ ਉਸਦੀ ਮਰਿਆਦਾ ਅਤੇ ਗੁਰਮਤੇ ਸਬੰਧੀ

θ ਅਕਾਲ ਤਖ਼ਤ ਸਾਹਿਬ ਤੋਂ ਕੋਈ ਹੁਕਮਨਾਮਾ ਜਾਰੀ ਕਰਨਾ ਹੋਵੇ ਤਾਂ ਉਸਦਾ ਪੂਰਾ ਅਧਿਕਾਰ ਕੇਵਲ ਪੰਜ ਸਿੰਘ ਸਾਹਿਬਾਨ ਨੂੰ ਹੀ ਪ੍ਰਾਪਤ ਹੈ।

θ ਹੁਕਮ ਨਾਮੇ ਦਾ ਮਜ਼ਬੂਨ ਕੋਈ ਹੋਰ ਲਿਖੇ, ਪ੍ਰਵਾਨਗੀ ਕੋਈ ਸੰਸਥਾ ਜਾਂ ਧੜਾ ਦੇਵੇ ਅਤੇ ਸੁਨਾਣ ਜਥੇਦਾਰ ਸਾਹਿਬ ਜੀ, ਇਹ ਯੋਗ ਤ੍ਰੀਕਾ ਨਹੀਂ।

θ ਪਹਿਲਾਂ ਹੁਕਮ ਨਾਮਾ ਜਾਰੀ ਹੋਣਾ ਤੇ ਪਿਛੋਂ ਜਥੇਦਾਰ ਸਾਹਿਬਾਂ ਦਾ ਵੱਖ ਵੱਖ ਰਾਇ ਦੇਣਾ ਹੁਕਮਨਾਮੇ ਦੀ ਅਹਿਮੀਅਤ ਨੂੰ ਘਟਾਣ ਵਾਲੀ ਗੱਲ ਹੈ।

θ ਜਿਸ ਵਿਅਕਤੀ ਨੂੰ ਹੁਕਮਨਾਮੇ ਰਾਹੀਂ ਅਕਾਲ ਤਖ਼ਤ ਸਾਹਿਬ ਤੇ ਸੱਦਿਆ ਜਾਵੇ ਉਸ ਨੂੰ ਨਿਉਂ ਕੇ ਪੇਸ਼ ਹੋਣਾ ਚਾਹੀਦਾ ਹੈ ਜਲੂਸ ਕੱਢ ਕੇ ਨਹੀਂ।

θ ਜੋ ਸਿੱਖ ਅਕਾਲ ਤਖਤ ਸਾਹਿਬ ਤੋਂ ਛੇਕੇ ਵਿਅਕਤੀ ਨਾਲ ਸਾਂਝ ਮੇਲ ਰੱਖੇ, ਉਹ ਵੀ ਹੁਕਮ ਅਦੂਲੀ ਦੇ ਦੰਡ ਦਾ ਭਾਗੀ ਤੇ ਭੁੱਲ ਦਾ ਅਧਿਕਾਰੀ ਹੈ।

θ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਨੂੰ ਪ੍ਰਵਾਨ ਨਾ ਕਰਨਾਂ ਜਾਂ ਉਸ ਬਾਰੇ ਹੁੱਜਤ ਕਰਨੀ ਗੁਰਮਤਿ ਨੂੰ ਪਿੱਠ ਦੇਣ ਦੇ ਤੁੱਲ ਹੈ।

θ ਤਨਖਾਹੀਏ ਸਿੱਖ ਦਾ ਸੁਾਗਤ ਕਰਾਣਾ ਜਾਂ ਠਾਠ ਨਾਲ ਪੇਸ਼ ਹੋਣ ਲਈ ਜਾਣਾ, ਮੁਗ਼ਲ ਹਾਕਮਾ ਦੀ ਨਕਲ ਹੈ, ਮਹਾਰਾਜਾ ਰਣਜੀਤ ਸਿੰਘ ਦੀ ਨਹੀਂ।

θ ਅਕਾਲ ਤਖ਼ਤ ਸਾਹਿਬ ਤੋਂ ਦੰਡਤ ਹੋਇ ਵਿਅਕਤੀ ਨੂੰ ਮਨ ਦੀ ਪਵਿੱਤ੍ਰਤਾ ਦੇ ਲਈ ਸਜ਼ਾ ਭੋਗਣੀ ਚਾਹੀਦੀ ਹੈ, ਕਿਸੇ ਰਾਜਸੀ ਲਾਭ ਦੇ ਲਈ ਨਹੀਂ।

θ ਕਿਸੇ ਵੀ ਵਿਵਾਦ ਬਾਰੇ ਅਥਾਲ ਤਖ਼ਤ ਸਾਹਿਬ ਤੇ ਬੈਠ ਕੇ ਪੰਜ ਸਿੰਘ ਜੋ ਕੋਈ ਰਾਇ ਦੇਨ ਤਾਂ ਉਸ ਨੂੰ ਹੁਕਮਨਾਮੇ ਦਾ ਦਰਜਾ ਦੇਣਾ ਯੋਗ ਨਹੀਂ।

θ ਅਕਾਲ ਤਖ਼ਤ ਸਾਹਿਬ ਤੋਂ ਤਨਖਾਹ ਲੱਗਣ ਤੇ ਭਾਂਡੇ ਮਾਂਜਣ ਤੇ ਫੋਟੋ ਖਿਚਵਾਣ ਦੀ ਇੱਛਾ ਹਉਮੈ ਦਾ ਪ੍ਰਗਟਾਵਾ ਹੈ ਭੁਲ ਬਖਸ਼ਾਣ ਦਾ ਨਹੀਂ।

θ ਜਿਸ ਹੁਕਮ ਨਾਮੇ ਵਿੱਚ ਕਿਸੇ ਵਿਅਕਤੀ ਜਾਂ ਸੰਸਥਾ ਲਈ ਮਾਫ਼ੀ ਦੀ ਸ਼ਰਤ ਹੋਵੇ ਉਸ ਨੂੰ ਸ਼ਰਤ ਪੂਰੀ ਹੋ ਜਾਣ ਤੇ ਵਾਪਸ ਲਿਆ ਜਾ ਸਕਦਾ ਹੈ।

θ ਜੋ ਹੁਕਮ ਨਾਮਾਂ ਕਿਸੇ ਗੁਰਮਤਿ ਵਿਰੋਧੀ ਇਕ ਮਨੁੱਖ ਜਾਂ ਸੰਸਥਾ ਦੇ ਲਈ ਬਿਨਾਂ ਸ਼ਰਤ ਦੇ ਜਾਰੀ ਹੋਵੇ, ਉਹ ਵਾਪਸ ਨਹੀਂ ਲਿਆ ਜਾਣਾ ਚਾਹੀਦਾ।

θ ਜਿਸ ਫ਼ੈਸਲੇ ਨੂੰ ਹੁਕਮ ਨਾਮੇ ਦਾ ਦਰਜਾ ਦੇਣਾ ਹੋਵੇ ਉਸ ਉਤੇ ਬਾਰ ਬਾਰ ਸਿੰਘ ਸਾਹਿਬਾਨਾਂ ਨੂੰ ਪੂਰੀ ਤਰ੍ਹਾਂ ਘੋਖ ਵੀਚਾਰ ਕਰ ਲੈਣੀ ਚਾਹੀਦੀ ਹੈ।

θ ਕੋਈ ਵਿਅਕਤੀ ਜਦ ਸਜ਼ਾ ਭੁਗਤਨ ਲਈ ਤਖ਼ਤ ਸਾਹਿਬ ਤੇ ਹਾਜ਼ਰ ਹੋ ਜਾਵੇ ਤਾਂ ਉਸ ਨੂੰ ਤਤਕਾਲ ਦੰਡ ਲਾ ਕੇ ਮਾਫ਼ ਕਰ ਦੇਣਾ ਚਾਹੀਦਾ ਹੈ।

θ ਅਕਾਲ ਤਖ਼ਤ ਸਾਹਿਬ ਤੇ ਕਿਸੇ ਵੀ ਧਰਮ ਵਿਰੋਧੀ ਜਾਂ ਪੰਥਕ ਗ਼ੱਦਾਰ ਨੂੰ ਦੰਡ ਲਾ ਕੇ ਮੇਲਨ ਦੀ ਮਰਯਾਦਾ ਸਿੱਖੀ ਦੀ ਇਕ ਮਹਾਨ ਪਿਰਤ ਹੈ।

θ ਪਿਛਲੀ ਭੁੱਲ ਦਾ ਪਸਚਾਤਾਪ ਤੇ ਨੀਯਤ ਸਾਫ ਕੀਤੇ ਬਿਨਾਂ ਅਕਾਲ ਤਖ਼ਤ ਸਾਹਿਬ ਤੋਂ ਜਾ ਕੇ ਮਾਫ਼ੀ ਮੰਗ ਲੈਣੀ ਚੰਗਾ ਸਿੱਖ ਹੋਣ ਦੀ ਨਿਸ਼ਾਨੀ ਨਹੀਂ।


www.AKJ.Org

θ ਪੰਥ ਦੀ ਰਵਾਇਤ ਅਤੇ ਹਾਲਾਤ ਦੀ ਮਜ਼ਬੂਰੀ ਕਾਰਣ ਜਿਨ੍ਹਾਂ ਲੋਕਾਂ ਨੂੰ ਮਾਫ਼ ਕੀਤਾ ਜਾਂਦਾ ਹੈ ਉਨ੍ਹਾ ਦਾ ਭੁਲਾ ਤਾਂ ਹੀ ਹੈ ਜੇ ਗੁਰੂ ਵੀ ਉਨ੍ਹਾਂ ਨੂੰ ਮਾਫ਼ ਕਰੇ।

θ ਕਿਸੇ ਵੀ ਸਜ਼ਾ ਭੁਗਤਨ ਵਾਲੇ ਨਾਲ ਜਥੇਦਾਰ ਸਾਹਿਬ ਦਾ ਕੀਨਾਂ ਜਾਂ ਕੌੜੇ ਫਿੱਕੇ ਬੋਲ ਉਨ੍ਹਾਂ ਦੇ ਸਤਿਕਾਰ ਨੂੰ ਘਟਾਨ ਵਾਲੀ ਅਤੇ ਅਸ਼ੁਭ ਗੱਲ ਹੈ।

θ ਕਿਸੇ ਮਨਮਤੀਏ ਜਾਂ ਗੱਦਾਰ ਨੂੰ ਇਕੋਵਾਰ ਬਖ਼ਸ਼ਨਾ ਚਾਹੀਦਾ ਹੈ, ਬਾਰ ਬਾਰ ਮਾਫ਼ੀ ਦੇਣ ਦੀ ਪਿਰਤ ਮਰਯਾਦਾ ਦੇ ਮਹੱਤਵ ਨੂੰ ਘਟਾ ਦੇਂਦੀ ਹੈ।

θ ਪੰਥ ਦੀ ਹਸਤੀ ਦੇ ਕਾਇਮ ਰਹਿਨ ਲਈ ਜ਼ਰੂਰੀ ਹੈ ਕੇ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਤੇ ਪੰਜਾਂ ਪਿਆਰਿਆਂ ਦੀ ਮਹੱਤਤਾ ਕਾਇਮ ਰਹੇ।

θ ਅਕਾਲ ਤਖ਼ਤ ਸਾਹਿਬ ਨੂੰ ਆਪਸੀ ਝਗੜੇ ਦਾ ਨਿਸ਼ਾਨਾ ਬਨਾਣਾ ਪੰਥ ਲਈ ਕੌਮ ਦੀਆਂ ਜੜ੍ਹਾਂ ਨੂੰ ਹਿਲਾ ਦੇਣ ਵਾਲਾ, ਦੁਖ ਦਾਈ ਤੇ ਮਾਰੂ ਕਦਮ ਹੈ।

θ ਅਕਾਲ ਤਖ਼ਤ ਸਾਹਿਬ ਦੇ ਕਿਸੇ ਮੁਖੀ ਦੀ ਭੁੱਲ ਦਾ ਨਿਰਣਾ ਹੋਣਾ ਹੋਰ ਗੱਲ ਹੈ, ਪਰ ਤਖਤ ਦੇ ਜ਼ਾਬਤੇ ਦੀ ਬੁਨਿਆਦ ਨੂੰ ਤੋੜ ਦੇਣਾ ਯੋਗ ਨਹੀਂ।

θ ਜੇ ਅਕਾਲ ਤਖ਼ਤ ਸਾਹਿਬ ਦੀਆਂ ਪਰੰਪ੍ਰਾਂਵਾਂ, ਰਹੁ ਰੀਤਾਂ ਅਤੇ ਮਰਯਾਦਾ ਦੀਆਂ ਜੜ੍ਹਾਂ ਹਿਲ ਗਈਆ ਤਾਂ ਸਿੱਖ ਪੰਥ ਦੀ ਹੋਂਦ ਖਤ੍ਰੇ ਵਿਚ ਪੈ ਜਾਵੇਗੀ।

θ ਸਿੱਖੀ ਗੁਰੂ ਦੀ ਦੇਣ ਹੈ ਜੋ ਅੰਮ੍ਰਿਤ ਧਾਰੀ ਦਾ ਵਿਰਸਾ ਹੈ, ਕਿਸੇ ਨੂੰ ਤਨਖਾਹੀਆ ਕਰਾਰ ਦਿਤਾ ਜਾ ਸਕਦਾ ਹੈ, ਸਿੱਖੀ ਤੋਂ ਖਾਰਜ ਨਹੀਂ ਕੀਤਾ ਜਾ ਸਕਦਾ।

θ ਹੁਕਮਨਾਮਾ ਸਿੱਖ ਪੰਥ ਨਾਲ ਕਿਸੇ ਵਿਅਕਤੀ ਦੇ ਰੋਟੀ ਬੇਟੀ ਦੀ ਸਾਂਝ ਪੱਖੋ ਮਿਲਵਰਤਨ ਦਾ ਪ੍ਰਤੀਕ ਹੈ, ਸਿੱਖੀ ਤੋਂ ਖਾਰਜ਼ ਕਰਨ ਦਾ ਨਹੀਂ।

θ ਕੋਈ ਸਮਾਂ ਸੀ ਤਨਖਾਹ ਲਗ ਜਾਨ ਪਿਛੋਂ ਕਿਸੇ ਨਾਲ ਕੋਈ ਵਿਤਕਰਾ ਨਹੀਂ ਸੀ ਰੱਖਦਾ ਪਰ ਹੁਣ ਈਰਖਾਲੂ ਲੀਕ ਪਿਟਦੇ ਰਹਿੰਦੇ ਹਨ।

θ ਧੜੇ ਬੰਦੀ ਅਥਵਾ ਕਿਸੇ ਵਿਰੋਧਤਾ ਦੇ ਪ੍ਰਭਾਵ ਹੇਠ, ਜਾਂ ਛੋਟੀ ਮੋਟੀ ਗੱਲ ਲਈ ਹੁਕਮਨਾਮਾਂ ਜਾਰੀ ਕਰਨਾ ਉਸ ਦੀ ਅਹਿਮੀਅਤ ਨੂੰ ਘਟਾਣਾ ਹੈ।

θ ਅਕਾਲ ਤਖ਼ਤ ਸਾਹਿਬ ਤੇ ਹੁਕਮ ਨਾਮੇ ਦੀ ਉਚਤਾ ਤਾਂ ਹੀ ਕਾਇਮ ਰਹਿ ਸਕਦੀ ਹੈ ਜੇ ਉਸ ਦੇ ਉਤੇ ਫ਼ਿਰਕੇ ਬੰਦੀ ਜਾਂ ਸਿਆਸਤ ਹਾਵੀ ਨਾ ਹੋਵੇ।

θ ਹੁਕਮਨਾਮਾ ਜਾਰੀ ਕਰਨ ਲਈ ਜਲਦ ਬਾਜ਼ੀ ਤੇ ਜੋਸ਼ ਦੀ ਜਗ੍ਹਾ, ਧੀਰਜ, ਸੋਚ, ਨਿਰਪੱਖਤਾ ਅਤੇ ਦੂਰਅੰਦੇਸ਼ੀ ਦਾ ਹੋਣਾ ਅਤਿਅੰਤ ਜ਼ਰੂਰੀ ਹੈ।

θ ਹੁਕਮਨਾਮਾ ਜਾਰੀ ਹੋਣ ਤੋਂ ਪਹਿਲਾ ਹਮੇਸ਼ਾਂ ਸਬੰਧਤ ਵਿਅਕਤੀ ਨੂੰ ਅਪਣਾ ਪੱਖ ਪੇਸ਼ ਕਰਨ ਦਾ ਮੁਨਾਸਬ ਸਮਾਂ ਅਵੱਸ਼ ਦੇਨਾ ਚਾਹੀਦਾ ਹੈ।

θ ਅਕਾਲ ਤਖਤ ਸਾਹਿਬ ਦੀ ਇਮਾਰਤ ਦਾ ਡਿੱਗਣਾ ਸਿੱਖ ਕੌਮ ਦੀ ਬੇਬਸੀ ਸੀ ਪਰ ਇਸ ਦੀ ਮਰਯਾਦਾ ਦਾ ਡਿੱਗਨਾ ਸਿੱਖ ਆਗੂਆਂ ਦੀ ਭੁੱਲ ਹੋਵੇਗੀ।

θ ਪੰਥ ਤੋਂ ਛੇਕੇ ਹੋਇ ਕਿਸੇ ਵੀ ਵਿਅਕਤੀ ਦੀ ਕਿਸੇ ਸਿੱਖ ਨੂੰ ਤਰਫ਼ਦਾਰੀ ਨਹੀਂ ਕਰਨੀ ਚਾਹੀਦੀ, ਜਿਵੇਂ ਕੇ ਪਿਛਲੇ ਸਾਲਾਂ ਵਿੱਚ ਕੁਝ ਲੋਕਾਂ ਨੇ ਕੀਤੀ ਹੈ।

θ ਹੁਕਮਨਾਮਾ ਲਿਖਤ ਵਿੱਚ ਸੰਸਾਰ ਦੇ ਹਰ ਗੁਰਦ੍ਵਾਰੇ ਵਿੱਚ ਪੁਜਨਾ ਚਾਹੀਦਾ ਹੈ, ਤਾਂ ਕੇ ਹਰ ਗੁਰ ਸਿੱਖ ਮਾਈ ਭਾਈ ਉਸ ਤੇ ਅਮਲ ਕਰ ਸਕੇ।

θ ਜਿਨ੍ਹਾਂ ਲੋਕਾਂ ਨੂੰ ਹੁਕਮ ਨਾਮੇ ਦੁਆਰਾ ਪੰਥ ਤੋਂ ਛੇਕਿਆ ਜਾਵੇ ਉਨ੍ਹਾਂ ਨੂੰ ਤਲਬ ਕਰਨ ਤੇ ਮਾਫ ਕਰਨ ਦੇ ਵਿੱਚ ਵਰ੍ਹੇ ਲਗਾ ਦੇਣੇ ਅਯੋਗ ਗੱਲ ਹੈ।

# ਗੁਰਮਤਾ

θ ਗੁਰਮਤੇ ਅਤੇ ਹੁਕਮ ਨਾਮੇ ਦੇ ਵਿੱਚ ਥੋੜਾ ਅੰਤਰ ਹੈ, ਗੁਰਮਤਾ ਤਾਂ ਹਰ ਥਾਂ ਪੰਜ ਪਿਆਰੇ ਪਾਸ ਕਰ ਸਕਦੇ ਹਨ ਪਰ ਹੁਕਮ ਨਾਮਾ ਨਹੀਂ।*

θ ਜੇ ਕੋਈ ਗੁਰਮਤਾ ਸੋਧਨਾ, ਪਾਸ ਕਰਨਾ ਅਤੇ ਉਸਦੇ ਲਈ ਅਰਦਾਸ ਕਰਨੀ ਹੋਵੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣਾ ਜ਼ਰੂਰੀ ਹੈ।

θ ਬਿਨਾ ਪ੍ਰਕਾਸ਼ ਦੇ ਪਾਸ ਕੀਤਾ 'ਮਤਾ' ਮਤਾ ਤਾਂ ਹੋ ਸਕਦਾ ਹੈ ਪਰ ਗੁਰਮਤਾ ਨਹੀਂ, ਗੁਰਮਤਾ ਤਾਂ ਗੁਰੂ ਜੀ ਦੀ ਹਜ਼ੂਰੀ ਦੇ ਵਿੱਚ ਹੀ ਪਾਸ ਹੋ ਸਕਦਾ ਹੈ।

θ ਕਿਸੇ ਗੁਰਮਤੇ ਦੇ ਪਾਸ ਕਰਨ ਸਮੇਂ ਕਿਸੇ ਵੀ ਵਿਅਕਤੀ ਨੂੰ ਅਪਨਾ ਲਾਭ ਹੀ ਮੁਖ ਨਹੀ ਰੱਖਣਾ ਚਾਹੀਦਾ ਤੇ ਨਾ ਹੀ ਰੋੜਾ ਅਟਕਾਣਾ ਚਾਹੀਦਾ ਹੈ।

θ ਗੁਰਮਤਾ ਗੁਰੂ ਸਾਹਿਬ ਦੇ ਹਜ਼ੂਰ ਜੁੜੀ ਸੰਗਤ ਦੇ ਵਿਚ ਵੀ ਪਾਸ ਹੋ ਸਕਦਾ ਹੈ ਅਤੇ ਇਸ ਨੂੰ ਵੱਧ ਘਟ ਸੱਜਨ ਵੀ ਪਾਸ ਕਰ ਸਕਦੇ ਹਨ।

θ ਜੋ ਗੁਰਮਤਾ ਪਾਸ ਕੀਤਾ ਜਾਵੇ ਉਸ ਦੀ ਅਰਦਾਸ ਹੋਣੀ ਚਾਹੀਦੀ ਹੈ ਤੇ ਇਹ ਅਰਦਾਸ ਸਿੰਘਾਂ ਨੂੰ ਜਾਨਾਂ ਕੁਰਬਾਨ ਕਰਕੇ ਵੀ ਨਿਭਾਣੀ ਚਾਹੀਦੀ ਹੈ।

θ ਮਤੇ ਦਾ ਭਾਵ ਹੈ ਫੈਸਲਾ, ਅਤੇ ਗੁਰਮਤੇ ਦਾ ਭਾਵ ਹੈ ਉਹ ਫੈਸਲਾ ਜੋ ਗੁਰੂ ਦੀ ਹਜ਼ੂਰੀ ਵਿੱਚ ਨਿਰੋਲ ਪੰਥਕ ਅਤੇ ਨੇਕ ਕੰਮ ਲਈ ਕੀਤਾ ਜਾਵੇ।

θ ਜੋ ਵੀ ਗੁਰਮਤਾ ਇਕ ਵੇਰਾਂ ਪਾਸ ਹੋ ਜਾਵੇ ਉਸ ਤੇ ਅਮਲ ਕਰਨਾ ਜ਼ਰੂਰੀ ਹੈ ਅਤੇ ਉਸ ਦੀ ਵਿਰੋਧਤਾ ਦੀ ਕਿਸੇ ਨੂੰ ਆਗਿਆ ਨਹੀਂ ਹੋਣੀ ਚਾਹੀਦੀ। ■■■■■■

*ਹੁਕਮਨਾਮਾ ਅਕਾਲ ਤਖ਼ਤ ਸਾਹਿਬ ਤੋਂ ਹੀ ਜਾਰੀ ਹੋ ਸਕਦਾ ਹੈ।

(ਪੰਨਾ ੩ ਦਾ ਬਾਕੀ ....)

ਰੰਗੀ-ਬਿਸਮਾਦਤਾ ਦੀ ਮਹਿਮਾ ਕੁਝ ਵਰਨੀ ਨਹੀਂ ਜਾ ਸਕਦੀ, ਕਿਉਂਕਿ ਇਹ ਅਤਿ ਅਗੋਚਰ ਵਸਤੂ ਦੀ ਮਹਿਮਾ ਹੈ, ਜੈਸਾ ਕਿ ਹੇਠ ਲਿਖੇ ਇਸ ਅਗਲੇਰੇ ਗੁਰਵਾਕ ਪੰਗਤੇ ਦਾ ਭਾਵ ਹੈ–

ਅਚਰਜੁ ਕਿਛੁ ਕਹਣੁ ਨ ਜਾਈ॥ ਬਸਤੁ ਅਗੋਚਰ ਭਾਈ ॥੧॥ ਰਹਾਉ॥ (ਪੰਨਾ ੮੮੩)

ਇਸ ਸੱਚੇ ਪ੍ਰਮਾਰਥੀ ਅਦ੍ਰਿਸ਼ਟ ਪਦਾਰਥ ਦੇ ਪਾਵਣ ਦੀ ਕੁੰਜੀ ਧੁਰ ਦਰਗਾਹੋਂ ਕੇਵਲ ਗੁਰ ਨਾਨਕ ਸਾਹਿਬ ਨੂੰ ਬਖ਼ਸ਼ੀ ਹੋਈ ਹੈ।

ਇਹ ਗੁਰਮਤਿ ਦਾ ਅਟੱਲ ਨਿਯਮ ਹੈ ਕਿ ਸਤਿਗੁਰੂ, ਸੱਚਾ ਸਤਿਗੁਰੂ, ਕੇਵਲ ਗੁਰੂ ਨਾਨਕ ਸਾਹਿਬ ਹੀ ਹੈ। ਇਸ ਸੱਚੇ ਸਤਿਗੁਰੂ ਬਾਝੋਂ ਹੋਰ ਕੋਈ ਗੁਰੂ ਨਹੀਂ। ਯਥਾ-

ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥ (ਆਸਾ ਮ: ੩-੪੩੫)

ਸਤਿਗੁਰ ਨਾਨਕ ਸਾਹਿਬ ਦੇ ਘਰ ਦਰ ਤ੍ਰੋ ਹੀ ਕੇਵਲ ਗੁਰਦੀਖਿਆ ਮਈ ਗੁਰ-ਮੰਤਰ ਮਿਲਦਾ ਹੈ। ਜਿਸ ਨੂੰ ਇਹ ਗੁਰ-ਮੰਤਰ ਪ੍ਰਾਪਤ ਨਹੀਂ, ਉਹ ਨਿਗੁਰਾ ਹੈ। ਤਾਂ ਤੇ ਗੁਰਬਾਣੀ ਦੇ ਆਸ਼ੇ ਅਨੁਸਾਰ ਇਕੋ ਗੁਰੂ ਗ੍ਰੰਥ ਸਾਹਿਬ ਹੀ ਸਚੇ ਗੁਰੂ ਹਨ। ਹੋਰ ਸਭ ਕੂੜਾਵੇ ਗੁਰੂ ਬਣੇ ਫਿਰਦੇ ਹਨ ਤੇ ਨਾਮ-ਹੀਣੇ ਨਕਟ-ਪੰਥੀਏ ਗੁਰੂ ਹਨ। ਇਕੋ ਸਚਾ ਗੁਰੂ ਹੈ ਤਾਂ ਸਿਰਫ਼ ਗੁਰੂ ਨਾਨਕ ਸਾਹਿਬ ਹੈ, ਜਿਨ੍ਹਾਂ ਨੂੰ ਧੁਰ ਦਰਗਾਹੋਂ ਗੁਰਿਆਈ ਦਾ ਸੱਚਾ ਪਦ ਪ੍ਰਾਪਤ ਹੋਇਆ ਅਤੇ ਇਸ ਗੁਰ-ਪ੍ਰਮਾਣ ਅਨੁਸਾਰ -

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥
ਸਦਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ॥
ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ॥
ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ ॥੨॥੧੦॥(ਸਲੋਕ ਮ: ੩, ਪੰਨਾ ੬੪੬)

# ਅਰਦਾਸ ਦੇ ਗੁਣ

(ਪ੍ਰੋ. ਸਾਹਿਬ ਸਿੰਘ)

ਮਨੁੱਖ ਸੰਸਾਰਕ ਲੋੜਾਂ ਦੀ ਖਾਤਰ ਬਹੁਤੀਆਂ ਅਰਦਾਸਾਂ ਕਰਦਾ ਹੈ। ਭਾਵੇਂ ਉਸ ਦੀਆਂ ਕਲਪਨਾ ਅਨੁਸਾਰ ਉਹ ਪੂਰੀਆਂ ਹੋਣ ਜਾਂ ਨਾ ਹੋਣ, ਪਰ ਹੇਠ ਲਿਖੇ ਆਤਮਕ ਲਾਭ ਅਜਿਹੇ ਹਨ ਜਿਹੜੇ ਸੰਸਾਰਕ ਲੋੜਾਂ ਦੀ ਪੂਰਤੀ ਤੋਂ ਬਹੁਤ ਉਤਮ ਦਰਜਾ ਰਖਦੇ ਹਨ :-

ਪਹਿਲਾ- ਅਰਦਾਸ ਸਾਡੇ ਹਿਰਦੇ ਵਿਚ ਇਹ ਯਕੀਨ ਬਿਠਾਂਦੀ ਹੈ ਕਿ ਪ੍ਰਭੂ ਸਚਮੁਚ ਮੌਜੂਦ ਹੈ, ਅਟੱਲ ਹਸਤੀ ਵਾਲਾ ਹੈ

ਦੂਜਾ- ਅਰਦਾਸ ਵੇਲੇ ਮਨੁਖ ਦੀ ਮੰਗ ਆਤਮਾ ਸਬੰਧੀ ਹੋਵੇ ਭਾਵੇਂ ਦੁਨੀਆਂ ਦੇ ਪਦਾਰਥਾਂ ਲਈ ਇਹ ਤਾਂਘ ਹੁੰਦੀ ਹੈ ਕਿ ਇਸ ਦੀ ਪੂਰਤੀ ਲਈ (ਜੋ ਕੁਦਰਤ ਦੇ ਪ੍ਰਤੱਖ ਦਿਸਦੇ ਸਾਧਾਰਨ ਨਿਯਮਾਂ ਰਾਹੀਂ ਪੂਰੀ ਹੁੰਦੀ ਹੈ ਨਾ ਦਿਸੇ) ਪ੍ਰਭੂ ਆਪ ਸਹਾਇਤਾ ਕਰੇ, ਆਪਣੀ ਉਹ ਤਾਕਤ, ਆਪਣੇ ਉਹ ਨਿਯਮ ਵਰਤੇ ਜਿਨ੍ਹਾਂ ਦੀ ਮਨੁਖ ਨੂੰ ਅਜੇ ਸਮਝ ਨਹੀਂ ਪਈ ਅਤੇ ਜਿਨ੍ਹਾਂ ਦੇ ਵਰਤੇ ਜਾਣ ਤੇ ਲੋਕ ਆਖਣ ਲਗ ਪੈਂਦੇ ਹਨ ਕਿ ਕਰਾਮਾਤ ਹੋ ਗਈ ਹੈ। ਸੌਖੇ ਅੱਖਰਾਂ ਵਿਚ ਇਸ ਦਾ ਭਾਵ ਇਹ ਹੈ ਕਿ ਹਿਰਦਿਉਂ ਕੀਤੀ ਅਰਦਾਸ ਮਨੁਖ ਨੂੰ ਦਿਸਦੇ ਜਕੜ ਵਿਚੋਂ ਚੁਕ ਕੇ ਉਚੇ ਆਤਮਕ ਮੰਡਲਾਂ ਵਿਚ ਲੈ ਜਾਂਦੀ ਹੈ।

ਤੀਜਾ- ਅਰਦਾਸ ਦੀ ਬਰਕਤ ਨਾਲ ਸਦਾ ਚੇਤੇ ਰਹਿੰਦਾ ਹੈ ਕਿ ਪ੍ਰਭੂ ਸਾਡਾ ਆਸਰਾ ਪਰਨਾ ਹੈ ਤੇ ਉਸਦੋਂ ਬਿਨਾਂ ਅਸੀਂ ਅਧੂਰੇ ਹਾਂ ਇਸ ਖਿਆਲ ਨੂੰ ਪ੍ਰੀਤਮ ਜੀ ਸੋਹਣੇ ਲਫਜ਼ਾਂ ਵਿਚ ਇਉਂ ਦਸਦੇ ਹਨ :

ਬਲ ਛੁਟਕਿਓ ਬੰਧਨ ਪਰੇ ਕਛੂ ਨਾ ਹੋਤਿ ਉਪਾਇ।
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ।
ਬਲ ਹੋਆ ਬੰਧਨ ਛੂਟੇ ਸਭ ਕਿਛੁ ਹੋਤ ਉਪਾਇ।
ਨਾਨਕ ਸਭ ਕਿਛੁ ਤੁਮਰੇ ਹਾਥ ਮੈਂ ਤੁਮ ਹੀ ਹੋਤ ਸਹਾਇ।

(ਸਲੋਕ ਮਹਲਾ ੯, ਪੰਨਾ ੧੪੨੯)

ਚੌਥਾ- ਜੇ ਅਰਜੋਈ ਅਸੀਂ ਪ੍ਰਭੂ ਦੇ ਦਰ ਤੇ ਕਰਦੇ ਹਾਂ, ਉਹ ਕੇਵਲ ਇਹ ਚੇਤਾ ਨਹੀਂ ਕਰਾਂਦੀ ਕਿ ਸਾਡਾ ਆਸਰਾ ਪਰਨਾ ਪ੍ਰਭੂ ਹੀ ਹੈ, ਉਹ ਸਗੋਂ ਸਾਡੇ ਇਸ ਖਿਆਲ ਨੂੰ ਪੱਕਾ ਕਰੀ ਜਾਂਦੀ ਹੈ ਤੇ ਨਾਲੋ ਨਾਲ ਸਾਨੂੰ ਪ੍ਰੇਰਨਾ ਵੀ ਕਰੀ ਜਾਂਦੀ ਹੈ ਕਿ ਇਸ ਵਿਸ਼ਵਾਸ ਅਨੁਸਾਰ ਪ੍ਰਭੂ ਦੇ ਹੋਣ ਦਾ ਉਦਮ ਵੀ ਕਰੀ ਜਾਈਏ। ਸੋ ਅਰਦਾਸ ਸਾਡੀ ਸ਼ਰਧਾ ਨੂੰ ਹੁਲਾਰਾ ਦੇਂਦੀ ਹੈ ਤੇ ਇਸ ਤਰ੍ਹਾਂ ਸਾਨੂੰ ਇਸ ਰਾਹੇ ਹੋਰ ਉਦਮੀ ਬਣਾਂਦੀ ਹੈ।

ਪੰਜਵਾਂ- ਅਰਦਾਸ ਦੇ ਅਭਿਆਸ ਨਾਲ ਨਿਰੀ ਸ਼ਰਧਾ ਹੀ ਨਹੀਂ ਵਧਦੀ, ਆਤਮਾ ਦੀਆਂ ਹੋਰ ਸ਼ਕਤੀਆਂ ਵੀ ਹੁਲਾਰੇ ਵਿਚ ਆਉਂਦੀਆਂ ਹਨ। ਜਿਉਂ ਜਿਉਂ ਅਸੀਂ ਅਕਾਲ ਪੁਰਖ ਦੇ ਚਰਨਾਂ ਵਿਚ ਜੁੜਾਂਗੇ, ਤਿਉਂ ਤਿਉਂ ਹੋਰ ਫੁਰਨੇ, ਹੋਰ ਸੰਸਾਰਕ ਐਬ ਸਾਡੀ ਸੁਰਤਿ ਦੀ ਡੋਰ ਨੂੰ ਤੋੜ ਨਹੀਂ ਸਕਣਗੇ, ਮਾਇਕ ਪਦਾਰਥ ਇਸ ਨੂੰ ਹਿਲਾ ਨਹੀਂ ਸਕਣਗੇ।

ਛੇਵਾਂ- ਆਮ ਤੌਰ ਤੇ ਸਾਡੇ ਮਨ ਦੀ ਬ੍ਰਿਤੀ ਮਾਇਆ ਦੇ ਫੰਦਿਆਂ ਵਿਚ ਜੁੜੀ ਰਹਿੰਦੀ ਹੈ। ਇਹਨਾਂ ਜੜ੍ਹ ਪਦਾਰਥਾਂ ਨਾਲ ਜੁੜ ਕੇ ਅਸੀਂ ਜੜ ਹੋ ਰਹੇ ਹਾਂ। ਪਰ ਜਿਨ੍ਹਾਂ ਗੁਰਮੁਖਾਂ ਨੇ ਪ੍ਰਭੂ ਨਾਲ ਜੁੜਨ ਦਾ ਥੋੜ੍ਹਾ ਸਮਾਂ ਵੀ ਨੀਯਤ ਕੀਤਾ ਹੋਇਆ ਹੈ ਉਹ ਜਾਣਦੇ ਹਨ ਕਿ ਨਿਰਾ ਇਤਨਾ ਹੀ ਸੁਭਾਉ ਮਨ ਨੂੰ ਮਾਇਆ ਦੇ ਪ੍ਰਭਾਵ ਤੋਂ ਉਚੇਰਾ ਕਰੀ ਜਾਂਦਾ ਹੈ। ਰੱਬੀ ਫਸਲ ਦਾ ਇਕ ਵਾਰੀ ਦਾ ਮਾਣਿਆ ਹੋਇਆ ਸਵਾਦ ਮਨੁਖ ਦੇ ਅੰਦਰ ਇਕ ਵਲਵਲਾ ਜਿਹਾ ਪੈਦਾ ਕਰ ਦਿੰਦਾ ਹੈ, ਜੋ ਸੁਆਦ ਨਾਲ ਜੁੜੇ ਰਹਿਣ ਲਈ ਪ੍ਰੇਰਨਾ ਕਰਦਾ ਹੈ।

ਸਤਵਾਂ- ਅਰਦਾਸ ਦੇ ਵਸੀਲੇ ਨਾਲ ਮਨੁਖ ਨੂੰ ਇਕ ਹੋਰ ਸੁਆਦਲੀ ਬਰਕਤ ਪੈਦਾ ਹੁੰਦੀ ਹੈ। ਆਪਣੀ ਖਾਤਰ ਕੀਤੀ ਹੋਈ ਅਰਦਾਸ ਨੂੰ ਸਫਲ ਹੁੰਦਾ ਵੇਖ ਕੇ ਉਸ ਦੇ ਅੰਦਰ ਸਾਰੀ ਮਨੁਖ ਜਾਤੀ ਦੇ ਭਲੇ ਵਾਸਤੇ

(ਬਾਕੀ ਪੰਨਾ ੩੨ ਤੇ ....)


www.AKJ.Org

# ਸਿੱਖ ਯੁਵਕ ਅਤੇ ਹਿੰਦੂ ਮੱਤ

(ਸ. ਨਾਨਕ ਸਿੰਘ)

ਇਕ ਵਿਚਾਰਵਾਨ ਦਾ ਕਹਿਣਾ ਹੈ ਕਿ ਕਿਸੇ ਕੌਮ ਦੀ ਯੁਵਾ ਪੀੜ੍ਹੀ ਤੋਂ ਉਸ ਕੌਮ ਦੇ ਭੱਵਿਖ ਬਾਰੇ ਸਹੀ ਸਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਜੇ ਅਸੀਂ ਆਪਣੀ ਕੌਮ ਦੀ ਯੁਵਾ ਪੀੜ੍ਹੀ ਦੀਆਂ ਸਮੱਸਿਆਵਾਂ ਵਲ ਧਿਆਨ ਦੇਈਏ, ਆਪਣੇ ਵਿਰਸੇ ਨੂੰ ਪਹਿਚਾਣੀਏ ਅਤੇ ਉਸ ਦੀਆਂ ਕਦਰਾਂ ਕੀਮਤਾਂ ਨੂੰ ਬਹਾਲ ਕਰਨ ਦਾ ਯਤਨ ਕਰੀਏ ਤਾਂ ਯਕੀਨਨ ਪੰਥ ਨੂੰ ਚੜ੍ਹਦੀ ਕਲਾ ਵਿਚ ਲੈ ਕੇ ਜਾਣ ਵਿਚ ਸਹਾਇਤਾ ਮਿਲੇਗੀ। ਪੁਰਾਣੀ ਕਹਾਵਤ ਹੈ ਕਿ ਬੱਚੇ ਨੂੰ ਜਿਸ ਰਾਹ ਪਾਉਣਾ ਹੈ ਉਸ ਲਈ ਤਿਆਰ ਕਰੋ।

ਆਪਣੀ ਯੁਵਾ ਪੀੜ੍ਹੀ ਵਿਚ ਸਿੱਖ ਮੱਤ ਦੀਆਂ ਕਦਰਾਂ ਕੀਮਤਾਂ ਦੀ ਘਾਟ ਦੇਖ ਕੇ ਮੈਂ ਬਹੁਤਾ ਨਿਰਾਸ਼ ਨਹੀਂ ਹਾਂ ਕਿਉਂਕਿ ਇਨ੍ਹਾਂ ਦੇ ਜੀਵਨ ਤੇ ਵੀ ਵਿਸ਼ਵ ਪਸਾਰੇ ਤੇ ਆਲੇ-ਦੁਆਲੇ ਦਾ ਪ੍ਰਭਾਵ ਹੈ ਜੋ ਖੁਦ ਆਏ ਦਿਨ ਨਿਵਾਣ ਵਲ ਜਾ ਰਿਹਾ ਹੈ। ਪਰ ਕੌਮ ਦੇ ਬਜ਼ੁਰਗਾਂ ਵਲੋਂ ਜੋ ਖੁਦ ਹੰਢਾਇਆ ਜਾ ਰਿਹਾ ਹੈ, ਪ੍ਰਚਾਰਿਆ ਜਾ ਰਿਹਾ ਹੈ ਅਤੇ ਜਿਸ ਤਰ੍ਹਾਂ ਉਹ ਯੁਵਾ ਪੀੜ੍ਹੀ ਪ੍ਰਤੀ ਆਪਣੀਆਂ ਜ਼ਿਮੇਵਾਰੀਆਂ ਤੋਂ ਬੇਮੁਖ ਹਨ ਮੇਰੇ ਲਈ ਉਪਰਾਮ ਤੇ ਉਦਾਸੀ ਦਾ ਵੱਡਾ ਕਾਰਨ ਹਨ। ਅਸੀਂ ਸਾਰੇ ਨੌਜਵਾਨਾਂ, ਪ੍ਰਚਾਰਕਾਂ, ਰਾਗੀਆਂ, ਗ੍ਰੰਥੀਆਂ ਅਤੇ ਸੰਸਥਾਵਾਂ ਉਤੇ, ਉਨ੍ਹਾਂ ਵਲੋਂ ਦਰਸਾਏ ਫਰਜ਼ਾਂ ਤੋਂ ਅਵੇਸਲੇਪਨ, ਗਿਆਨ ਅਤੇ ਦੂਰ ਅੰਦੇਸ਼ੀ ਦੀ ਘਾਟ ਦਾ ਦੋਸ਼ ਥੋਪਦੇ ਹਾਂ। ਆਪਣੀ ਗੱਲ ਨੂੰ ਪੁਖਤਾ ਕਰਨ ਲਈ ਅਸੀਂ ਯਹੂਦੀਆਂ, ਈਸਾਈਆਂ ਅਤੇ ਮੁਸਲਮਾਨੀ ਭਾਈਚਾਰੇ ਦੀ ਗੱਲ ਕਰਦੇ ਹਾਂ। ਪਰ ਕੀ ਅਸੀਂ ਉਨ੍ਹਾਂ ਦੀਆਂ ਸੰਸਥਾਵਾਂ, ਸੰਗਠਨਾਂ ਅਤੇ ਕਾਰ ਵਿਹਾਰ ਦੇ ਨਿਜੀ ਤੌਰ ਤਰੀਕਿਆਂ ਦਾ ਵਿਸ਼ਲੇਸ਼ਣ ਕੀਤਾ ਹੈ? ਇਨ੍ਹਾਂ ਧਰਮਾਂ ਦੇ ਅਨੁਆਈਆਂ ਵਿਚ ਨਿਜੀ ਤੌਰ ਤੇ ਹਿੰਮਤ ਕਰਨ ਦਾ ਜਜ਼ਬਾ ਹੈ। ਉਨ੍ਹਾਂ ਵਿਚ ਹਰ ਕੋਈ ਕੋਸ਼ਿਸ਼ ਕਰਦਾ ਹੈ ਕਿ ਆਪਣੇ ਧਰਮ ਦੇ ਬਾਰੇ ਜ਼ਿਆਦਾ ਤੋਂ ਜ਼ਿਆਦਾ ਪ੍ਰਚਾਰ ਕਰੇ। ਉਸ ਧਰਮ ਦੀਆਂ ਸ਼ਲਾਘਾਯੋਗ ਗੱਲਾਂ, ਧਰਮ ਦੇ ਵਿਸ਼ਵਾਸਾਂ, ਰਸਮਾਂ, ਰੀਤਾਂ ਅਤੇ ਰਵਾਇਤਾਂ ਦਾ ਪ੍ਰਚਾਰ ਕਰੇ। ਉਹ ਆਪ ਵੀ ਆਪਣੇ ਧਰਮ ਦੀਆਂ ਬਹੁਮੁਲੀਆਂ ਸਿਖਿਆਵਾਂ ਗੱਲਾਂ ਨੂੰ ਗ੍ਰਹਿਣ ਕਰਕੇ ਉਨ੍ਹਾਂ ਨੂੰ ਅਮਲੀ ਜੀਵਨ ਵਿਚ ਲਾਗੂ ਕਰਨ ਦਾ ਪੂਰਾ ਯਤਨ ਕਰਦੇ ਹਨ। ਆਪਣੇ ਧਰਮ ਅਨੁਆਈਆਂ ਪ੍ਰਤਿ ਦਿਆਲੂ ਹੋਣ ਅਤੇ ਉਨ੍ਹਾਂ ਦੀ ਆਰਥਿਕ ਤੇ ਸਮਾਜਿਕ ਮਦਦ ਕਰਨ ਵਿਚ ਵੀ ਸੰਕੋਚ ਨਹੀਂ ਕਰਦੇ। ਜਦੋਂ ਕਿਸੇ ਲੋੜਵੰਦ ਨੂੰ ਤਿਨਕੇ ਮਾਤਰ ਸਹਾਰਾ ਵੀ ਮਿਲਦਾ ਹੈ ਤਾਂ ਉਹ ਸਹਾਰਾ ਦੇਣ ਵਾਲੇ ਧਰਮ ਦੇ ਅਨੁਆਈਆਂ ਦਾ ਪ੍ਰਚਾਰਕ ਹੋ ਨਿਬੜਦਾ ਹੈ। ਉਸ ਦਾ ਵਤੀਰਾ ਉਸ ਧਰਮ ਦੇ ਸਭ ਲੋਕਾਂ ਨਾਲ ਇਕੋ ਜਿਹਾ ਹੋ ਜਾਂਦਾ ਹੈ। ਸਿੱਟੇ ਵਜੋਂ ਉਸ ਧਰਮ ਦਾ ਵਿਕਾਸ ਸੁਭਾਵਕ ਹੁੰਦਾ ਰਹਿੰਦਾ ਹੈ ਅਤੇ ਧਰਮ ਦੇ ਮੰਨਣ ਵਾਲਿਆਂ ਦੇ ਦਿਲਾਂ ਵਿਚ ਆਪਣੇ ਫਰਜ਼ਾਂ ਪ੍ਰਤਿ ਜਾਗਰੂਕਤਾ ਬਣੀ ਰਹਿੰਦੀ ਹੈ। ਇੰਝ ਉਨ੍ਹਾਂ ਵਿਚ ਇਕ ਨੈਤਿਕ ਸਬੰਧ ਪੈਦਾ ਹੋ ਜਾਂਦਾ ਹੈ ਅਤੇ ਆਪਣੇ ਭਾਈਚਾਰੇ ਵੱਲ ਸ਼ਰਧਾ, ਪ੍ਰੇਮ ਤੇ ਸ਼ੁਕਰਾਨੇ ਵਜੋਂ ਸਿਰ ਝੁਕ ਜਾਂਦਾ ਹੈ। ਖੁਦ ਨੂੰ ਪ੍ਰਾਪਤ ਮਦਦ ਨੂੰ ਮਦਦ ਦੇ ਰੂਪ 'ਚ ਵਾਪਸ ਕਰਨਾ ਹੀ ਉਸ ਵਿਚਾਰਧਾਰਾ ਦੀ ਚੰਗਿਆਈ ਦਾ ਪ੍ਰਚਾਰ ਹੈ।

ਇਹ ਜ਼ਰੂਰੀ ਨਹੀਂ ਕਿ ਅਸੀਂ ਆਪਣੇ ਬੁਣੇ ਹੋਏ ਗ਼ਲਤੀਆਂ ਦੇ ਜਾਲ ਵਿਚ ਹਮੇਸ਼ਾ ਲਈ ਫਸੇ ਰਹੀਏ। ਆਪਣੇ ਘਰ ਦਾ ਲੇਖਾ ਜੋਖਾ ਵਿਚਾਰੀਏ ਅਤੇ ਗੁਰਬਾਣੀ ਸਿੱਖ ਰਹਿਤ ਮਰਯਾਦਾ ਅਤੇ ਗੌਰਵਮਈ ਇਤਿਹਾਸ ਤੋਂ ਸੇਧ ਲੈ ਕੇ ਇਸ ਕੁੜਿੱਕੀ ਤੋਂ ਮੁਕਤ ਹੋਈਏ। ਸਤਿਗੁਰਾਂ ਦੇ ਮਹਾਨ ਬਚਨਾਂ ਤੋਂ ਅਗਵਾਈ ਲਈਏ :

ਇਸੁ ਪਦ ਜੋ ਅਰਥਾਇ ਲੇਇ, ਸੋ ਗੁਰੂ ਹਮਾਰਾ।
ਨਾਨਕ, ਚੀਨੈ ਆਪ ਕਉ, ਸੋ ਅਪਰ ਅਪਾਰਾ। (ਪੰਨਾ, ੨੨੮)

---

## ਪ੍ਰਚਲਤ ਹੋ ਰਹੀਆਂ ਤਿੰਨ ਭੁਲਾਂ

ਆਸਾ ਦੀ ਵਾਰ ਦੇ ਪਾਠ/ਕੀਰਤਨ ਸਮੇਂ ਤਿੰਨ ਪ੍ਰਚਲਤ ਹੋ ਰਹੀਆਂ ਭੁਲਾਂ ਨੂੰ ਸੋਧ ਲਈਏ-

(੧) ਆਪੇ ਸਾਜੇ ਕਰੇ ਆਪਿ 'ਜਾਈ' ਭੀ ਰਖੈ ਆਪਿ॥੨॥੨੪॥(ਜਾਈ-ਜਣੀ ਹੋਈ ਸ੍ਰਿਸ਼ਟੀ) 'ਜਾਇ' ਅਸ਼ੁਧ ਹੈ।
(੨) ਜੇ ਮੋਹਾਕਾ ਘਰੁ ਮੁਹੈ ਘਰੁ 'ਮੁਹਿ' ਪਿਤਰੀ ਦੇਇ॥੧॥੧੭॥(ਮੁਹਿ-ਲੁਟ ਕੇ) 'ਮਹਿ' ਅਸ਼ੁਧ ਹੈ।
(੩) ਪੰਖੀ 'ਭਉਦੀਆ' ਲੈਨਿ ਨ ਸਾਹ॥ 'ਭਉਦਿਆ' ਅਸ਼ੁਧ ਹੈ।

# ਵਾਹਿਗੁਰੂ ਗੁਰੂ ਮੰਤ੍ਰ ਕਿਵੇਂ ਹੈ

ਵਲੋਂ : ਸ: ਕੰਵਰਜੀਤ ਸਿੰਘ ਆਜ਼ਾਦ ਦਿੱਲੀ

ਸਤਿ+ਨਾਮ+ ਨਿਰਭਓ+ ਨਿਰਵੈਰ+ ਅਕਾਲਮੂਰਤਿ+ ਅਜੂਨੀ+ ਸੈਭੰ (ਸੁਭਾਵਕ ਗੁਣ)

ਜਿਸ ਪਾਵਨ ਹਸਤੀ ਵਿੱਚ ਇਹ ਗੁਣ ਹਨ = ਹਰਿ, ਈਸ਼ਵਰ, ਪਾਰਬ੍ਰਹਮ..............

ਹਰਿ = ਕਰਤਾ+ਭਰਤਾ+ਹਰਤਾ+ਸਰਬ ਵਿਆਪਕ+ਸਰਵ ਸ਼ਕਤੀਮਾਨ+ਗੁਰੂ (ਕਰਮ ਹਗੁਣ) ਪ੍ਰੰਤੂ ਕਰਤਾ+ਭਰਤਾ+ਹਰਤਾ = ਓਅੰ (ਨਿਰਾਰਕਾਰ ਨਾਓ) ਯਥਾ :–

ਓਅੰ ਸਾਧ ਸਤਿਗੁਰੂ ਨਮਸਕਾਰੰ। ਆਦਿ ਮਧਿ ਅੰਤਿ ਨਿਰੰਕਾਰੰ। (ਬਾਵਨ ਅਖਰੀ ਅੰਕ ੨੫੦)

= ਓਅੰ +ਸਰਵ ਵਿਆਪਕ+ਸਰਵ ਸ਼ਕਤੀਮਾਨ+ਗੁਰੂ

ਪ੍ਰੰਤੂ ਸਰਵ ਵਿਆਪਕ ਓਅੰ = ਓਅੰ+ਕਾਰਿ = ਓਅੰਕਾਰਿ = ੳ। (ਸ਼ਬਦ ਜੋੜ)

ਯਥਾ :- ਸਤਿਗੁਰੁ ਮੇਰਾ ਸਦਾ ਸਦਾ ਨ ਆਵੈ ਨ ਜਾਇ॥

ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ (ਅੰਕ ੭੫੯)

= ੳ+ਸਰਬ ਸ਼ਕਤੀਮਾਨ+ਗੁਰੂ

ਪ੍ਰੰਤੂ ਓਅੰਕਾਰ ਤਾਂ ਆਪਣੇ ਜਿਹਾ ਇਕਲਾ ਹੀ ਹੈ ਤਾਂ ਹੀ ਸਰਬ ਸ਼ਕਤੀਮਾਨ ਹੈ।

ਯਥਾ : ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ (ਰਹਿਰਾਸ ਅੰਕ ੧੧) = ੧ੳ +ਗੁਰੂ। ਪ੍ਰੰਤੂ ੧ੳ = ੧ (ਪੜਨਾਂਵ ਕਰਕੇ) ਯਥਾ: ਏਕਸੁ ਕੇ ਗੁਣ ਗਾਓ ਅਨੰਤ (ਸੁਖਮਨੀ) = ੧+ਗੁਰੂ ਪ੍ਰੰਤੂ ੧ = ਵਾਹਿਦ (ਫ਼ਾਰਸੀ ਭਾਸ਼ਾ) = ਵਾਹਿਦ+ਗੁਰੂ = ਵਾਹਿਗੁਰੂ (ਸ਼ਬਦ ਜੋੜ) ਵਾਹਿਦ+ਗੁਰੂ (ਮੂਲਮੰਤ੍ਰ) = ਵਾਹਿਗੁਰੂ (ਗੁਰੂਮੰਤ੍ਰ)

ਇਸ ਪ੍ਰਕਾਰ ਮੂਲਮੰਤ੍ਰ ਤੇ ਗੁਰੂਮੰਤ੍ਰ ਵਿਚ ਕੋਈ ਭੇਦ ਨਹੀਂ ਹੈ। ਭੇਦ ਜਾਣ ਬੁਝ ਕੇ ਪਾਇਆ ਹੈ, ਮੁਢਲੇ ਟੀਕਾਕਾਰਾਂ ਨੇ। ਗੁਰੂ ਨੂੰ ਅਜੂਨੀ ਸੈਭੰ ਤੋਂ ਵੱਖ ਕਰ ਕੇ ਪ੍ਰਸਾਦਿ ਨਾਲ ਜੋੜ ਦਿੱਤਾ ਹੈ। ਕਾਮਾ ਦੋ ਗੁਰ ਦੇ ਬਾਅਦ ਹੈ, ਨੂੰ ਸੈਭੰ ਦੇ ਬਾਅਦ ਕਰ ਦਿੱਤਾ ਹੈ। ਜੇ ਕਾਮਾ ਗੁਰ ਦੇ ਬਾਅਦ ਰਹੇ ਤਾਂ ੧ੳ ਗੁਰੂ ਹੈ ਤੇ ਜੇ ਕਾਮਾ ਸੈਭੰ ਦੇ ਬਾਅਦ ਰਹੇ ਤਾਂ ੧ੳ ਗੁਰੂ ਨਹੀਂ ਹੈ। ਵਾਹਿਗੁਰੂ ਮੂਲਮੰਤ੍ਰ ਦਾ ਸੰਖੇਪਤਮ ਰੂਪ ਹੈ। ਸਰਲ ਤੇ ਜਪਣ ਵਿੱਚ ਆਸਾਨ। ਇਹ ਹੀ ੧ੳ ਦਾ ਸਰਬ ਗੁਣ ਸੰਪਨ ਨਾਮ ਹੈ ਜੋ ਪ੍ਰਾਪਤ ਹੁੰਦਾ ਹੈ, ੧ੳ ਸਤਿਗੁਰ ਦੇ ਆਦੇਸ ਨਾਲ ੧ੳ ਸਤਿਗੁਰੂ ਦੇ ਗਿਆਨ ਸਰੂਪ (ਗੁਰੂ ਗ੍ਰੰਥ ਸਾਹਿਬ) ਦੀ ਹਜ਼ੂਰੀ ਵਿੱਚ, ੧ੳ ਸਤਿਗੁਰ ਕੇ ਕਾਰਜਕਾਰਨੀ ਸਰੂਪ, ਪੰਜ ਪਿਆਰੇ ਸਾਹਿਬਾਨ ਤੋਂ, ਉਹਨਾਂ ਜਾਚਕਾ ਨੂੰ, ਜੋ ਤਿਆਰ-ਬਰ-ਤਿਆਰ ਖੰਡੇ ਦਾ ਪਾਹੁਲ ਛਕ ਕੇ ਇਸ ਦੇ ਯੋਗ ਬਣਦੇ ਹਨ। ਪ੍ਰਸਾਦ ਵਜੋ ਮਿਲਦੀ ਹੈ ਮਤਿ- 'ਜਪੁ'। ਕਿਸ ਨੂੰ? ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ', 'ਜਿਨ ਕਉ ਨਦਰਿ ਕਰਮੁ ਤਿਨਕਾਰ' ਅਨੁਸਾਰ ਗੁਰਸਿਖ ਉਤੇ ਨਦਰ ਵੀ ਹੈ ਤੇ ਕਰਮੁ ਵੀ ਹੈ, ਕਿਉਂਕਿ ਉਸ ਨੂੰ ਪ੍ਰਾਪਤ ਹਨ: (੧) ਇਸ਼ਟ (ਪੂਜਨੀਕ), ੧ੳ ਗੁਰੂ ਰੂਪ ਵਿਚ, ਉਸ ਦੇ ਆਪਣੇ ਅੰਦਰ ਹੀ। ਉਹ ਕਿਸੇ ਵਖਰੇ ਗੁਰੂ ਦੀ ਕ੍ਰਿਪਾ ਨਾਲ ਨਹੀਂ ਮਿਲਦਾ। ਯਥਾ : ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨ ਸੋਈ। (ਅੰਕ ੭੦੩) (੨) ਗੁਰੂਆਂ ਦਾ ਗੁਰੂ (ਗੁਰੁ ਗੁਰੁ ਏਕੋ) ਨਿਰੰਕਾਰ, ਸ਼ਬਦ ਰੂਪ ਵਿਚ ਯਥਾ : ਆਪਿ ਸਤਿਗੁਰੁ ਆਪਿ ਸਬਦਿ ਜੀਓ, ਜੁਗ ਜੁਗ ਭਗਤ ਪਿਆਰੇ। ਅੰਕ ੨੪੬) ਅਤੇ ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ। ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ। (ਅੰਕ ੫੧੫) ਅਤੇ ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ। (ਅੰਕ ੮੭੮) (੩) ਗੁਰਮਤਿ ਨਾਮ ਜਪਣ ਦੀ ਯਥਾ : 'ਜੋ ਹਰਿ ਮਤਿ ਦੇਇ ਸਾ ਊਪਜੈ ਹੋਰ ਮਤਿ ਨ ਕਾਈ ਰਾਮ। ਅੰਤਰਿ ਬਾਹਰਿ ਏਕੁ ਤੂ ਆਪੇ ਦੇਇ ਬੁਝਾਈ ਰਾਮ॥ (ਅੰਕ ੫੭੧) (੪) ਗੁਰੂਮੰਤ੍ਰ, ਵਾਹਿਗੁਰੂ, ਆਠ ਪਹਰ ਖੁਲੇ ਆਮ ਜਪਣ ਲਈ (ਕਿਸੇ ਕੋਲੋਂ ਲੁਕਾ ਛੁਪਾ ਕੇ ਨਹੀਂ)

(ਬਾਕੀ ਪੰਨਾ ੩੨ ਤੇ ....)

# ਸੂਰਬੀਰ ਯੋਧਾ ਅਕਾਲੀ ਫੂਲਾ ਸਿੰਘ ਜੀ

(ਸ੍ਰ: ਗੁਲਚਰਨ ਸਿੰਘ ਜੀ)

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਅਕਾਲੀ ਸਰੇਸ਼ਟ ਅਤੇ ਮਾਹਰਕਾਮਾਰ ਸੈਨਾ ਹੁੰਦੀ ਸੀ। ਇਹਨਾਂ ਫੌਜਾਂ ਨੂੰ ਉਥੇ ਭਾਹਿਆ ਜਾਦਾਂ ਸੀ ਜਿਥੇ ਕਿ ਮੋਰਚੇ ਤਗੜੇ ਹੋਣ ਜਾਂ ਉਹਨਾਂ ਦੇ ਜਿੱਤਣ ਵਿਚ ਪੂਰੀ ਆਸ ਨਾ ਹੁੰਦੀ ਹੋਵੇ। ਮਹਾਰਾਜਾ ਰਣਜੀਤ ਸਿੰਘ ਦੀਆਂ ਸਾਰੀਆਂ ਜਿੱਤਾਂ ਮੁੱਖ ਤੌਰ 'ਤੇ ਅਕਾਲੀਆਂ ਦੀ ਦਲੇਰੀ ਅਤੇ ਮਰ-ਮਿਟਣ ਦੀ ਸਪਿਰਿਟ ਕਾਰਨ ਹੀ ਹੋਈਆਂ ਸੀ। ਇਹਨਾਂ ਨੇ ਅਫ਼ਗਾਨਾਂ ਨਾਲ ਕਈ ਲੜਾਈਆਂ ਵਿਚ ਆਪਣੀ ਬਹਾਦਰੀ ਅਤੇ ਹੌਸਲੇ ਕਾਰਨ ਜੰਗਾਂ ਦਾ ਪਾਸਾ ਹੀ ਪਲਟ ਦਿੱਤਾ ਸੀ, ਜੋ ਕਿ ਮਹਾਰਾਜਾ ਦੇ ਹੱਕ ਵਿਚ ਹੀ ਹੁੰਦਾ ਰਿਹਾ। ਇਹ ਮੌਤ ਨਾਲ ਖੇਡਣ ਵਾਲੇ ਮਜਨੂੰ ਕਿਸੇ ਨਿਯਮ ਜਾਂ ਦਸਤੂਰ ਦੀ ਵੀ ਪਰਵਾਹ ਨਹੀਂ ਸੀ ਕਰਦੇ। ਇਹਨਾਂ ਜਹਾਦੀਆਂ ਦੇ, ਜ੍ਹਿਨਾਂ ਨੂੰ ਕਮਾਂਡਰ ਕਹਿ ਲਵੋ, ਦੋ ਮਸ਼ਹੂਰ ਸਰਦਾਰ ਹੋਏ ਹਨ, ਇਕ ਅਕਾਲੀ ਫੂਲਾ ਸਿੰਘ ਅਤੇ ਦੂਜੇ ਅਕਾਲੀ ਸਾਧੂ ਸਿੰਘ।

ਅਕਾਲੀ ਫੂਲਾ ਸਿੰਘ ਦਾ ਜਨਮ ਪੰਜਾਬ ਦੇ ਬਾਂਗਰ ਇਲਾਕੇ ਦੇ ਪਿੰਡ ਸ਼ੀਹ ਵਿਚ ੧੭੬੧ ਈਸਵੀ ਨੂੰ ਹੋਇਆ ਸੀ। ਇਹਨਾਂ ਦੇ ਪਿਤਾ ਸ੍ਰ: ਈਸ਼ਰ ਸਿੰਘ, ਦਾ ਸੰਬੰਧ ਨਿਸ਼ਾਨ ਵਾਲੀਆ ਮਿਸਲ ਨਾਲ ਸੀ,ਅਤੇ ਆਪਣੇ ਇਲਾਕੇ ਵਿਚ ਚੰਗੇ ਉਘੇ ਸਰਦਾਰਾਂ ਵਿਚ ਪੈਰ ਰੱਖਦੇ ਸੀ। ੧੭੬੧ ਈਸਵੀ ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ ਉਤੇ ਹਮਲਾ ਕੀਤਾ ਤਾਂ ਨਿਸ਼ਾਨ ਵਾਲੀਆ ਮਿਸਲ ਅਤੇ ਹੋਰਨਾਂ ਸਰਦਾਰਾਂ ਨੇ ਮਿਲ ਕੇ ਵੈਰੀ ਦਾ ਚੰਗੀ ਤਰ੍ਹਾਂ ਮੁਕਾਬਲਾ ਕੀਤਾ। ਇਸ ਲੜਾਈ ਵਿਚ ਸ੍ਰ:ਈਸ਼ਰ ਸਿੰਘ ਫੱਟੜ ਹੋ ਗਏ ਅਤੇ ਇਸ ਕਾਰਨ ਜਲਦੀ ਹੀ ਅਕਾਲ ਚਲਾਣਾ ਕਰ ਗਏ। ਅਕਾਲੀ ਫੂਲਾ ਸਿੰਘ ਦੇ ਪਿਤਾ ਵੀ ਮਹਾਰਾਜੇ ਦੇ ਪਿਤਾ ਵਾਂਗ, ਇਹਨਾਂ ਦੀ ਛੋਟੀ ਆਯੂ ਵਿਚ ਹੀ ਚਲ ਵਸੇ। ਇਸ ਦੇ ਉਪਰੰਤ ਇਹਨਾਂ ਦੀ ਦੇਖ-ਭਾਲ ਦਾ ਕੰਮ ਇਹਨਾਂ ਦੇ ਪਿਤਾ ਦੇ ਇਕ ਮਿੱਤਰ ਨੇ ਆਪਣੇ ਹੱਥ ਲੈ ਲਿਆ। ਇਹਨਾਂ ਨੇ ਬਾਲਕ ਫੂਲਾ ਸਿੰਘ ਨੂੰ ਗੁਰੂ ਗ੍ਰੰਥ ਸਾਹਿਬ ਪੜ੍ਹਾਇਆ ਅਤੇ ਨਾਲ ਹੀ ਸਮਝਾਇਆ ਵੀ। ਇਸ ਦੇ ਇਲਾਵਾ ਇਹਨਾਂ ਨੂੰ ਕਈ ਕਿਸਮ ਦੇ ਹਥਿਆਰ ਵਰਤਣ ਦੀ ਵੀ ਸਿਖਲਾਈ ਦਿੱਤੀ, ਖਾਸ ਕਰ ਤਲਵਾਰ ਚਲਾਉਣ ਦੀ। ਉਹਨਾਂ ਨੂੰ ਘੋੜ ਸਵਾਰੀ,ਨੇਜਾਬਾਜ਼ੀ ਆਦਿਕ ਵੀ ਸਿਖਲਾਈ ਗਈ। ਇਸ ਕੰਮ ਵਿਚ ਫੂਲਾ ਸਿੰਘ ਛੇਤੀ ਹੀ ਨਿਪੁੰਨਤਾ ਹਾਸਲ ਕਰ ਗਏ ਅਤੇ ਛੋਟੀ ਉਮਰ ਵਿਚ ਹੀ ਕਈ ਬਹਾਦਰੀ ਦੇ ਕਾਰਨਾਮੇ ਕਰ ਦਿਖਾਏ।

ਬਚਪਨ ਤੋ ਹੀ ਫੂਲਾ ਸਿੰਘ ਬੜੇ ਤੇਜ਼ ਸੁਭਾਅ ਅਤੇ ਅਣਥੱਕ ਸਨ। ਇਹਨਾਂ ਨੇ ਸ੍ਰ:ਨਰੈਣ ਸਿੰਘ ਦੀ ਸਰਕਰਦਗੀ ਹੇਠ ਅਕਾਲੀ ਸੰਸਥਾ ਵਿਚ ਸ਼ਮੂਲੀਅਤ ਕੀਤੀ। ਇਹ ਸ੍ਰ:ਨਰੈਣ ਸਿੰਘ ਹੀ ਸਨ ਜਿਹਨਾਂ ਨੇ ਇਸ ਬਾਲਕ ਨੂੰ ਅੰਮ੍ਰਿਤ ਛਕਾਇਆ ਅੰਮ੍ਰਿਤ ਛਕਣ ਉਪਰੰਤ ਫੂਲਾ ਸਿੰਘ ਜੀ ਹੋਰ ਵੀ ਨਿਡੱਰ ਹੋ ਗਏ ਇਹਨਾਂ ਨੂੰ ਮੌਤ ਤੋਂ ਕੋਈ ਡਰ ਨਹੀਂ ਸੀ ਲਗਦਾ। ਇਸ ਦੇ ਉਪਰੰਤ ਸ੍ਰ:ਨਰੈਣ ਸਿੰਘ ਦਾ ਅਕਾਲੀ ਜਥਾ ਅਨੰਦਪੁਰ ਚਲਾ ਗਿਆ, ਜਿਥੇ ਕਿ ਇਹਨਾਂ ਨੇ ਯੁਧ ਕਲਾ ਵਿਚ ਕਾਫੀ ਮੁਹਾਰਤ ਹਾਸਲ ਕਰ ਲਈ। ਸ੍ਰ:ਨਰੈਣ ਸਿੰਘ ਦੀ ਮੌਤ ਦੇ ਪਿਛੋਂ ਇਹਨਾਂ ਦੇ ਸਾਥੀਆਂ ਨੇ ਫੂਲਾ ਸਿੰਘ ਨੂੰ ਆਪਣੇ ਜਥੇ ਦਾ ਸਰਦਾਰ ਚੁਣ ਲਿਆ।

ਥੋੜ੍ਹੇ ਸਮੇਂ ਪਿਛੋਂ ਫੂਲਾ ਸਿੰਘ ਜੀ ਆਪਣੇ ਜਥੇ ਸਮੇਤ ਅੰਮ੍ਰਿਤਸਰ ਚਲੇ ਗਏ ਅਤੇ ੧੮੦੭ ਈਸਵੀ ਦੀ ਲੜਾਈ ਵਿਚ ਇਹਨਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਸਹਾਇਤਾ ਕੀਤੀ ਅਤੇ ਸ਼ਹਿਰ ਨੂੰ ਫਤਿਹ ਕਰ ਲਿਆ। ੧੮੦੭ ਈਸਵੀ ਵਿਚ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਕਸੂਰ ਤੇ ਹਮਲਾ ਕੀਤਾ ਤਾਂ ਉਥੇ ਵੀ ਅਕਾਲੀ ਫੂਲਾ ਸਿੰਘ ਦੇ ਜਥੇ ਨੇ ਚੰਗਾ ਕੰਮ ਕੀਤਾ, ਜਿਸ ਤੇ ਮਹਾਰਾਜਾ ਸਾਹਿਬ ਬੜੇ ਪ੍ਰਸੰਨ ਹੋਏ ਹੁਣ ਅਕਾਲੀਆਂ ਦੀ ਗਿਣਤੀ ਵੀ ਦਿਨੋ-ਦਿਨ ਵਧਣ ਲੱਗ ਪਈ।

੧੮੦੯ ਈਸਵੀਂ ਵਿਚ ਲਾਰਡ ਮੈਟਕਾਫ਼ ਰਣਜੀਤ ਸਿੰਘ ਨਾਲ ਦੋਸਤੀ ਦੀ ਸੰਧੀ ਕਰਨ ਲਈ ਅੰਮ੍ਰਿਤਸਰ ਆਏ। ਉਹਨਾਂ ਦੇ ਨਾਲ ਕੁਝ ਮੁਸਲਮਾਨ ਸਿਪਾਹੀ ਵੀ ਸਨ। ਇਹਨਾਂ ਸਿਪਾਹੀਆਂ ਨੇ ੨੫ ਫਰਵਰੀ ੧੮੦੯ ਨੂੰ ਮੁਰੱਹਮ ਵਾਲੇ ਦਿਨ ਸ਼ਹਿਰ ਵਿਚ ਫੇਰਨ ਲਈ ਤਾਜ਼ੀਏ ਕੱਢੇ। ਇਤਫਾਕਨ ਉਸੇ ਦਿਨ ਹੋਲੀ ਵੀ ਆ

ਗਈ ਅਤੇ ਅਕਾਲੀ ਦਰਬਾਰ ਸਾਹਿਬ ਵਿਚ ਇਕੱਠੇ ਹੋਏ ਸਨ। ਜਦ ਤਾਜ਼ੀਆਂ ਦਾ ਜਲੂਸ ਹਰਿਮੰਦਰ ਸਾਹਿਬ ਆਇਆ ਤਾਂ ਅਕਾਲੀਆਂ ਨੇ ਇਸ ਜਲੂਸ ਨੂੰ ਹੋਰ ਥਾਂ ਜਾਣ ਲਈ ਕਿਹਾ, ਪਰ ਉਹ ਨਾ ਮੰਨੇ। ਇਸ 'ਤੇ ਆਪਸ ਵਿਚ ਤੂੰ ਤੂੰ, ਮੈਂ ਮੈਂ ਹੋ ਗਈ ਅਤੇ ਦੰਗਾ ਵੀ ਹੋ ਗਿਆ। ਸਿਪਾਹੀਆਂ ਨੇ ਕਿਉਂਕਿ ਪੱਛਮੀ ਤਰੀਕੇ ਦੀ ਨਿਯਮ-ਬੱਧ ਸਿਖਲਾਈ ਲਈ ਹੋਈ ਸੀ ਜਿਸ ਕਰਕੇ ਉਹਨਾਂ ਦਾ ਹੱਥ ਉੱਤੇ ਰਿਹਾ। ਮਹਾਰਾਜਾ ਸਾਹਿਬ ਨੇ ਜਦੋਂ ਇਸ ਵਾਰਦਾਤ ਦੇ ਬਾਰੇ ਸੁਣਿਆ ਤਾਂ ਉਹ ਝੱਟ ਮੌਕੇ 'ਤੇ ਪੁੱਜੇ ਅਤੇ ਫੈਸਲਾ ਕਰਵਾ ਦਿੱਤਾ।

ਕਹਿੰਦੇ ਨੇ ਕਿ ਇਸ ਝਗੜੇ ਦੇ ਦੋ ਅਸਰ ਪਏ। ਇਕ ਤਾਂ ਸੰਧੀ ਜਲਦੀ ਹੀ ਤਹਿ ਹੋ ਗਈ ਅਤੇ ਦੂਜਾ ਮਹਾਰਾਜਾ ਸਾਹਿਬ ਨੂੰ ਪਤਾ ਲੱਗ ਗਿਆ ਕਿ ਪੱਛਮੀ ਤਰੀਕੇ ਨਾਲ ਸਿੱਖੀ ਹੋਈ ਫ਼ੌਜ ਕਿੰਨੀ ਨਿਪੁੰਨ ਹੁੰਦੀ ਹੈ। ਇਸ ਦੇ ਉਪਰੰਤ ਮਹਾਰਾਜਾ ਸਾਹਿਬ ਨੇ ਵੀ ਆਪਣੀ ਫ਼ੌਜ ਨੂੰ ਪੱਛਮੀ ਫ਼ੌਜੀ ਢੰਗਾਂ ਵਾਲੀ ਬਣਤਰ ਅਤੇ ਸਿਖਲਾਈ ਦੇਣੀ ਆਰੰਭ ਕੀਤੀ।

੧੮੧੬ ਈ. ਵਿਚ ਜਦ ਕਿ ਮੁਲਤਾਨ ਦੇ ਨਵਾਬ ਨੇ ਕਰ (ਟੈਕਸ) ਦੇਣੋਂ ਨਾਂਹ ਕਰ ਦਿੱਤੀ ਤਾਂ ਰਣਜੀਤ ਸਿੰਘ ਨੇ ਮੁਲਤਾਨ 'ਤੇ ਚੜ੍ਹਾਈ ਕੀਤੀ। ਇਕ ਰਾਹ ਮਹਾਰਾਜਾ ਸਾਹਿਬ ਆਪ ਗਏ, ਅਤੇ ਦੂਜੇ ਰਾਹੀਂ ਅਕਾਲੀ ਫੂਲਾ ਸਿੰਘ ਨੂੰ ਭੇਜਿਆ। ਇਹ ਦੋਵੇਂ ਬਾਅਦ ਵਿਚ ਖਾਨਗੜ੍ਹ ਦੇ ਨੇੜੇ ਇਕੱਠੇ ਹੋ ਗਏ। ਪਰ ਮਹਾਰਾਜਾ ਸਾਹਿਬ ਦੇ ਉਥੇ ਪੁੱਜਣ ਤੋਂ ਪਹਿਲਾਂ ਹੀ ਫੂਲਾ ਸਿੰਘ ਨੇ ਨਵਾਬ ਨੂੰ ਕਰ ਦੇਣ ਲਈ ਕਿਹਾ ਅਤੇ ਨਵਾਬ ਨੇ ਨਾਂਹ ਕਰ ਦਿੱਤੀ। ਏਸ 'ਤੇ ਫੂਲਾ ਸਿੰਘ ਨੇ ਗੁੱਸਾ ਖਾ ਕੇ ਕਿਲੇ 'ਤੇ ਹੱਲਾ ਬੋਲ ਦਿੱਤਾ। ਕੁਝ ਅਕਾਲੀਆਂ ਨੇ ਕਿਲ੍ਹੇ ਦੀ ਦੀਵਾਰ ਨੂੰ ਪੌੜੀਆਂ ਲਾ ਕੇ ਉਸ ਦੇ ਅੰਦਰ ਛਾਲ ਮਾਰ ਦਿੱਤੀ, ਅਤੇ ਕਿਲ੍ਹੇ ਦਾ ਦਰਵਾਜ਼ਾ ਖੋਲ੍ਹ ਦਿੱਤਾ ਜਿਸ 'ਤੇ ਫੂਲਾ ਸਿੰਘ ਆਪਣੀ ਫ਼ੌਜ ਸਮੇਤ ਅੰਦਰ ਜਾ ਵੜੇ ਅਤੇ ਹੱਥੋ-ਪਾਈ ਦੀ ਲੜਾਈ ਸ਼ੁਰੂ ਹੋ ਗਈ। ਫੇਰ ਅਕਾਲੀਆਂ ਨੇ ਕਿਲ੍ਹੇ ਤੇ ਕਬਜ਼ਾ ਕਰ ਲਿਆ। ਨਵਾਬ ਨੇ ਅੱਸੀ ਹਜ਼ਾਰ ਰੁਪਏ ਉਸੇ ਵੇਲੇ ਦੇ ਦਿਤੇ ਅਤੇ ਹੋਰ ਚਾਲੀ ਹਜ਼ਾਰ ਰੁਪਏ ਛੇਤੀ ਹੀ ਦੇਣ ਦਾ ਵਾਅਦਾ ਕਰਕੇ ਜਾਨ ਛੁਡਾਈ। ਇਸ ਦੇ ਉਪਰੰਤ ਅਕਾਲੀ ਜੀ ਨੇ ਨਾਲ ਲਗਦੇ ਅਹਿਮਦ ਕੋਟ ਦੇ ਕਿਲ੍ਹੇ 'ਤੇ ਹਮਲਾ ਕਰਕੇ ਕਬਜ਼ਾ ਕਰ ਲਿਆ, ਭਾਵੇਂ ਇਸ 'ਤੇ ਕਬਜ਼ਾ ਕਰਨ ਲਈ ਪਹਿਲੇ ਕਿਲ੍ਹੇ ਨਾਲੋਂ ਵਧੇਰੇ ਕਸ਼ਟ ਕਰਨਾ ਪਿਆ। ਏਨੇ ਨੂੰ ਮਹਾਰਾਜਾ ਸਾਹਿਬ ਵੀ ਅਹਿਮਦ ਕੋਟ ਆ ਪੁੱਜੇ। ਉਥੋਂ ਅਕਾਲੀ ਫ਼ੌਜਾਂ ਝੰਗ ਵੱਲ ਵਧੀਆਂ ਜਿਥੇ ਦਾ ਨਵਾਬ ਗੈਰ-ਮੁਸਲਮਾਨਾਂ 'ਤੇ ਬੜੇ ਅੱਤਿਆਚਾਰ ਕਰਦਾ ਸੀ। ਅਕਾਲੀ ਜੀ ਨੇ ਨਵਾਬ ਨੂੰ ਹਾਰ ਦਿਤੀ ਅਤੇ ਉਹਨੂੰ ਫੜਕੇ ਲਾਹੌਰ ਭੇਜ ਦਿੱਤਾ। ਅਕਾਲੀ ਜੀ ਨੇ ਮੁਲਤਾਨ ਸ਼ਹਿਰ ਨੂੰ ਵੀ ਦੋ ਹੱਥ ਦੱਸੇ। ਲੈਂਪਲ ਗਰਿਫਨ ਲਿਖਦਾ ਹੈ ਕਿ ਅਕਾਲੀ ਫੂਲਾ ਸਿੰਘ ਦੇ ਟੈਕਟਿਸ ਐਸੇ ਕਾਮਯਾਬ ਸੀ ਕਿ ਨਵਾਬ ਨੇ ਇਕ ਦਮ ਸਾਰਾ ਰਹਿੰਦਾ ਕਰ ਵੀ ਦੇ ਦਿੱਤਾ ਜੋ ਕਿ ਕਿਸੇ ਹੋਰ ਤਰੀਕੇ ਉਹ ਇੰਨੀ ਜਲਦੀ ਨਾ ਦੇਂਦਾ। ਇਸ ਉਪਰੰਤ ਅਕਾਲੀ ਜੀ ਲਾਹੌਰ ਮੁੜ ਆਏ।

੧੮੧੮ ਦੀ ਮੁਲਤਾਨ ਦੀ ਜਿੱਤ ਵਿਚ ਵੀ ਅਕਾਲੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਪਰ ਏਥੇ ਇਸ ਗੱਲ 'ਤੇ ਸਹਿਮਤੀ ਨਹੀਂ ਕਿ ਅਕਾਲੀਆਂ ਦੀ ਅਗਵਾਈ ਕਿਸ ਨੇ ਕੀਤੀ। ਕੁਝ ਲੇਖਕ ਕਹਿੰਦੇ ਨੇ ਕਿ ਇਹ ਅਕਾਲੀ ਸਾਧੂ ਸਿੰਘ ਸੀ। ਦੂਜੇ ਇਤਿਹਾਸਕਾਰ ਲਿਖਦੇ ਹਨ ਕਿ ਇਹ ਅਕਾਲੀ ਮਾਲਾ ਸਿੰਘ ਸੀ। ਸਮਾਈਥ ਲਿਖਦਾ ਹੈ ਕਿ ਇਹ ਅਕਾਲੀ ਜੱਸਾ ਸਿੰਘ ਜੀ। ਬਾਬਾ ਪ੍ਰੇਮ ਸਿੰਘ ਇਹਨਾਂ ਸਭ ਨਾਵਾਂ ਨੂੰ ਨਾ ਮੰਨਦੇ ਹੋਏ ਲਿਖਦੇ ਹਨ ਕਿ ਮੁਲਤਾਨ ਦੀ ਜਿੱਤ ਦਾ ਸੇਹਰਾ ਅਕਾਲੀ ਫੂਲਾ ਸਿੰਘ ਦੇ ਸਿਰ ਹੈ। ਇਸ ਨਾਲ ਸਹਿਮਤੀ ਵਿਚ ਕਲਕੱਤਾ ਰੀਵਿਊ (ਦਸੰਬਰ ੧੮੪੬) ਲਿਖਦਾ ਹੈ ਕਿ "ਰਣਜੀਤ ਸਿੰਘ ਦੀ ਸਾਰੀ ਸੈਨਾ ਮੁਲਤਾਨ ਤੋਂ ਪਿਛੇ ਧੱਕੀ ਜਾਣੀ ਸੀ ਜੇਕਰ ਫੂਲਾ ਸਿੰਘ, ਇਕ ਦੀਵਾਨਾ ਅਕਾਲੀ, ਹਿੰਮਤ ਕਰਕੇ (ਕੰਧ ਦੇ) ਉਸ ਮੋਰੇ ਵਿਚੋਂ ਆਪਣਾ ਜਥਾ ਲੈ ਕੇ ਅੰਦਰ ਨਾ ਜਾ ਵੜਦਾ।" ਇਸ ਦੀ ਪੁਸ਼ਟੀ ਲਈ ਇਕ ਹੋਰ ਸਬੂਤ ਹੈ। ਪਿਸ਼ਾਵਰ ਡਿਸਟਰਿਕਟ ਗਜ਼ਟੀਅਰ (੧੮੯੭-੯੮) ਨੌਸ਼ਹਿਰੇ ਦੀ ੧੮੨੩ ਦੀ ਲੜਾਈ ਬਾਰੇ ਲਿਖਦਾ ਹੋਇਆ ਕਹਿੰਦਾ ਹੈ: ਇਸ ਲੜਾਈ ਵਿਚ ਦਸ ਹਜ਼ਾਰ (੧੦,੦੦੦) ਪਠਾਣ ਮਾਰੇ ਗਏ ਦੱਸੀਦੇ


www.AKJ.Org

ਹਨ। ਉਹਨਾਂ ਦੇ ਨਾਲ ਹੀ ਉਹ ਬਹਾਦਰ ਜੋਧਾ, ਫੂਲਾ ਸਿੰਘ, ਵੀ ਮਾਰਿਆ ਗਿਆ ਜੋ ਕਿ ਅਕਾਲੀਆਂ ਦਾ ਦਲੇਰ ਲੀਡਰ ਸੀ, ਅਤੇ ਜੋ ਪੰਜ ਸਾਲ ਪਹਿਲਾਂ ਮੁਲਤਾਨ ਵਿਖੇ ਮੋਰੇ ਵਿਚੋਂ ਆਪਣੇ ਜੱਥੇ ਦੀ ਅਗਵਾਈ ਕਰਦਾ ਅੰਦਰ ਜਾ ਵੜਿਆ ਸੀ, ਓਦੋਂ ਵੀ ਉਹਦੀ ਬਹਾਦਰੀ ਕੋਈ ਘੱਟ ਨਹੀਂ ਸੀ।"

ਵਜ਼ੀਰ ਫਤਹਿ ਖ਼ਾਂ ਬਾਰਕ ਜ਼ਈ ਦੇ ਮਰਨ ਉਪਰੰਤ, ੧੮੧੮ ਵਿਚ ਅਫ਼ਗਾਨਿਸਤਾਨ ਵਿਚ ਘਰੇਲੂ ਜੰਗ ਸ਼ੁਰੂ ਹੋ ਗਿਆ ਸੀ, ਜਿਸ ਕਾਰਨ ਉਸ ਮੁਲਕ ਵਿਚ ਸਾਰੇ ਪਾਸੇ ਬਦਅਮਨੀ ਹੀ ਸੀ। ਇਸੇ ਕਾਰਨ ਉਹਨਾਂ ਦਾ ਪਸ਼ੌਰ 'ਤੇ ਜੱਫਾ ਕੁਝ ਕਮਜ਼ੋਰ ਹੋ ਗਿਆ। ਇਸ ਸਮੇਂ ਦਾ ਫਾਇਦਾ ਉਠਾਂਦੇ ਹੋਇਆਂ ਮਹਾਰਾਜਾ ਰਣਜੀਤ ਸਿੰਘ ਨੇ ਅਕਤੂਬਰ ਵਿਚ ਪਸ਼ੌਰ ਵੱਲ ਚੜ੍ਹਾਈ ਕਰ ਦਿੱਤੀ। ਉਸ ਵੇਲੇ ਉਹਦੇ ਨਾਲ ਹਰੀ ਸਿੰਘ ਨਲਵਾ ਅਤੇ ਅਕਾਲੀ ਫੂਲਾ ਸਿੰਘ ਦੋ ਉਘੇ ਜਰਨੈਲ ਵੀ ਸਨ ਜਿਨ੍ਹਾਂ ਦੇ ਨਾਂ ਤੋਂ ਹੀ ਪਠਾਨ ਭੈਅ ਖਾਂਦਾ ਸੀ।

ਸਿੰਧ ਦਰਿਆ ਕੋਲ ਪੁੱਜ ਕੇ ਸਿੱਖਾਂ ਨੇ ਬੇੜੀਆਂ ਦਾ ਪੁਲ ਬਣਾ ਕੇ ਕੁਝ ਫ਼ੌਜ ਪਾਰ ਘੱਲੀ। ਇਹਨੂੰ ਖਟਕਾ ਅਤੇ ਹੋਰ ਕਬਾਈਲਾਂ ਨੇ, ਜੋ ਕੇ ਉਥੇ ਇਕੱਠੇ ਹੋ ਚੁਕੇ ਸੀ, ਘੇਰ ਲਿਆ ਅਤੇ ਸਭਨਾਂ ਨੂੰ ਮੌਤ ਦੇ ਘਾਟ ਲਾਹ ਦਿੱਤਾ। ਇਹ ਖਬਰ ਸੁਣ ਕੇ ਮਹਾਰਾਜਾ ਸਾਹਿਬ ਨੂੰ ਬਹੁਤ ਤੈਸ਼ ਆਇਆ ਅਤੇ ਅਕਾਲੀ ਜੀ ਨੂੰ ਆਪਣੀ ਫ਼ੌਜ ਨਾਲ ਪਾਰ ਘੱਲਿਆ। ਪਾਰ ਜਾ ਕੇ ਇਹਨਾਂ ਨੇ ਇਕ ਵਿਉਂਤ ਚੱਲੀ। ਆਪਣੀ ਫ਼ੌਜ ਨੂੰ ਪਿੱਛੇ ਹਟਣ ਦੀ ਆਗਿਆ ਕੀਤੀ। ਕਬਾਇਲੀ ਇਹ ਸਮਝ ਕੇ ਕਿ ਸਿੱਖ ਦੌੜ ਪਏ ਨੇ, ਪਹਾੜਾਂ ਤੋਂ ਉਤਰ ਆਏ ਅਤੇ ਸਿੱਖਾਂ ਦਾ ਪਿੱਛਾ ਕਰਨ ਲਗੇ। ਅਕਾਲੀ ਸਾਹਿਬ ਨੇ ਮੌਕਾ ਤਾੜ ਕੇ ਆਪਣੀ ਸੈਨਾ ਨੂੰ ਹੁਕਮ ਦਿੱਤਾ ਅਤੇ ਪਿਛੇ ਮੁੜ ਕੇ ਪਠਾਣਾਂ 'ਤੇ ਹਮਲਾ ਕਰ ਦਿੱਤਾ। ਇਸ 'ਤੇ ਭਿਆਨਕ ਲੜਾਈ ਸ਼ੁਰੂ ਹੋ ਗਈ। ਦੋਵਾਂ ਧਿਰਾਂ ਦਾ ਜਾਨੀ ਨੁਕਸਾਨ ਬਹੁਤ ਹੋਇਆ, ਪਰ ਅੰਤ ਵਿਚ ਜਿੱਤ ਸਿੱਖਾਂ ਦੀ ਹੋਈ। ਪਠਾਨ ਸਰਦਾਰ ਫਿਰੋਜ਼ ਖਾਂ ਨੂੰ ਫੜ ਕੇ ਮਹਾਰਾਜਾ ਸਾਹਿਬ ਕੋਲ ਅਟਕ ਭੇਜ ਦਿੱਤਾ ਗਿਆ। ਪਰ ਦਿਆਲੂ ਰਣਜੀਤ ਸਿੰਘ ਨੇ ਫਿਰੋਜ਼ ਖਾਂ ਦੀ ਬੇਨਤੀ ਸੁਣ ਕੇ ਉਹਨੂੰ ਮੁਆਫ ਕਰ ਦਿੱਤਾ।

ਇਸ ਦੇ ਉਪਰੰਤ ਮਹਾਰਾਜਾ ਸਾਹਿਬ ਵੀ ਸਿੰਧ ਦਰਿਆ ਪਾਰ ਕਰ ਆਪਣੀ ਫ਼ੌਜ ਨੂੰ ਆ ਮਿਲੇ, ਫੇਰ ਰਣਜੀਤ ਸਿੰਘ ਨੇ ਫੂਲਾ ਸਿੰਘ ਦੀ ਕਮਾਂਡ ਹੇਠ ਇਕ ਦਸਤਾ ਪਸ਼ੌਰ ਵੱਲ ਭੇਜਿਆ। ਇਹ ਜਦੋਂ ਨੌਸ਼ਹਿਰੇ ਕੋਲ ਪੁੱਜੇ ਤਾਂ ਇਹਨਾਂ ਨੂੰ ਖਬਰ ਮਿਲੀ ਕਿ ਸ਼ੇਖ-ਉਮਰ-ਦੀ-ਚਮਕਣੀਆਂ ਕੋਲ ਗਾਜ਼ੀਆਂ ਦੀ ਸੈਨਾ ਇਕੱਠੀ ਹੋਈ ਪਈ ਹੈ। ਫੂਲਾ ਸਿੰਘ ਅੱਗੇ ਵਧੇ ਅਤੇ ਇਹਨਾਂ ਗਾਜ਼ੀਆਂ ਨੂੰ ਜਾ ਪਏ ਕਿ ਉਥੋਂ ਭੱਜ ਉਠੇ। ਓਥੋਂ ਅਕਾਲੀ ਜਰਨੈਲ ਨੇ ਪਸ਼ੌਰ ਵੱਲ ਮੂੰਹ ਕੀਤਾ। ਪਰ ਉਹਨਾਂ ਦੇ ਪੁੱਜਣ ਤੋਂ ਪਹਿਲਾਂ ਹੀ ਪਸ਼ੌਰ ਦੇ ਹੁਕਮਰਾਨ ਯਾਰ ਮੁਹੰਮਦ ਖ਼ਾਂ ਨੇ ਸ਼ਹਿਰ ਖਾਲੀ ਕਰ ਦਿੱਤਾ ਹੋਇਆ ਸੀ। ਸੋ ੨੦ ਨਵੰਬਰ, ੧੮੧੮ ਨੂੰ ਬਗੈਰ ਲੜਾਈ ਦੇ ਸਿੱਖਾਂ ਨੇ ਪਸ਼ੌਰ ਮੱਲ ਲਿਆ। ਮਹਾਰਾਜਾ ਸਾਹਿਬ ਇਸ ਜਿੱਤ ਤੋਂ ਖੁਸ਼ ਹੋਏ ਅਤੇ ਉਹ ਵੀ ਪਸ਼ੌਰ ਆ ਗਏ। ਇਸ ਤੋਂ ਬਾਅਦ ਦੋਸਤ ਮੁਹੰਮਦ ਨੂੰ ਪਸ਼ੌਰ ਦਾ ਬੰਦੋਬਸਤ ਸੰਭਾਲ ਕੇ ਮਹਾਰਾਜਾ ਰਣਜੀਤ ਸਿਧ ਲਾਹੌਰ ਮੁੜ ਆਏ। ਅਕਾਲੀ ਫੂਲਾ ਸਿੰਘ ਵੀ ਨਾਲ ਹੀ ਸਨ। ਉਹ ਕੁਝ ਦਿਨ ਲਾਹੌਰ ਰੁਕਣ ਉਪਰੰਤ ਅੰਮ੍ਰਿਤਸਰ ਆ ਗਏ।

ਅਕਾਲੀ ਫੂਲਾ ਸਿੰਘ ਨੇ ੧੮੧੯ ਦੀ ਕਸ਼ਮੀਰ ਦੀ ਮੁਹਿੰਮ ਵਿਚ ਵੀ ਉਘਾ ਹਿੱਸਾ ਲਿਆ। ਇਸ ਮੁਹਿੰਮ ਲਈ ਸਿੱਖ ਫ਼ੌਜ ਤਿੰਨ ਹਿੱਸਿਆਂ ਵਿਚ ਵੰਡੀ ਗਈ ਸੀ। ਇਕ ਹਿੱਸਾ ਮਿਸਰ ਦੀਵਾਨ ਚੰਦ ਹੇਠ ਸੀ, ਦੂਜਾ ਕੰਵਰ ਖੜਕ ਸਿੰਘ ਅਤੇ ਅਕਾਲੀ ਫੂਲਾ ਸਿੰਘ ਹੇਠਾਂ ਅਤੇ ਤੀਜਾ ਹਿੱਸਾ ਖੁਦ ਰਣਜੀਤ ਸਿੰਘ ਨੇ ਆਪਣੇ ਕੋਲ ਰਖਿਆ ਸੀ। ਕਸ਼ਮੀਰ ਜਾਂਦਿਆਂ ਰਾਹ ਵਿਚ ਫੂਲਾ ਸਿੰਘ ਨੇ ਤਾਰੀ ਕਿਲ੍ਹੇ 'ਤੇ ਕਬਜ਼ਾਂ ਕੀਤਾ। ਉਥੋਂ ਅੱਗੇ ਉਹ ਪੀਰ ਪੰਜਾਲ ਵੱਲ ਵਧੇ। ਇਸ ਦੱਰੇ 'ਤੇ ਪਠਾਨਾਂ ਨੇ ਰਾਹ ਰੋਕਿਆ ਹੋਇਆ ਸੀ। ਸੋ ਅਕਾਲੀ ਰਾਹ ਛੱਡ, ਨਾਲ ਦੀਆਂ ਉੱਚੀਆਂ ਪਹਾੜੀਆਂ ਥਾਣੀਂ ਹੋ ਕੇ ਪਠਾਨਾਂ ਨੂੰ ਜਾ ਪਏ, ਉਹਨਾਂ ਨੂੰ ਹਰਾਇਆ ਅਤੇ ਪੀਰ ਪੰਜਾਲ ਤੇ ਕਬਜ਼ਾ ਕਰ ਲਿਆ। ਓਥੋਂ ਫੇਰ ਉਹ ਸ਼ੁਪਈਆਂ ਵੱਲ ਉਤਰੇ ਜਿਥੇ ਕਿ ਵੈਰੀ ਨੇ ਕਾਫ਼ੀ ਫ਼ੌਜ ਜਮ੍ਹਾਂ ਕਰ ਰਖੀ ਸੀ। ਏਥੇ ਮਿਸਰ ਦੀਵਾਨ ਚੰਦ ਨੇ ਵੈਰੀ 'ਤੇ ਦੁਪਾਸੀਂ ਹਮਲਾ ਕੀਤਾ। ਜਿਸ ਨੂੰ ਕਿ ਤੋਪਾਂ ਦੀ ਸਹਾਇਤਾ ਵੀ ਸੀ। ਪਰ ਤੋਪਾਂ ਦੂਰ ਹੋਣ ਕਾਰਨ ਇਹਨਾਂ ਨੂੰ ਅੱਗੇ ਲਿਜਾਣੀਆਂ


www.AKJ.Org

ਪਈਆਂ। ਇਸ ਹਰਕਤ ਨੂੰ ਵੇਖ ਕੇ ਵੈਰੀ ਦਾ ਕੁਝ ਭਾਗ ਇਹਨਾਂ ਤੋਪਾਂ 'ਤੇ ਆ ਪਿਆ। ਇਹ ਦੇਖ ਅਕਾਲੀ ਜਰਨੈਲ ਨੇ ਵੈਰੀ 'ਤੇ ਹੱਲਾ ਬੋਲ ਦਿੱਤਾ ਅਤੇ ਕੁਝ ਸਮੇਂ ਲਈ ਹੋਈ ਹੱਥੋਂ-ਪਾਈ ਦੀ ਲੜਾਈ ਵਿਚ ਵੈਰੀ ਨੂੰ ਹਾਰ ਦਿੱਤੀ। ਫੇਰ ਬਾਕੀ ਸਿੱਖ ਫ਼ੌਜਾਂ ਵੀ ਵੈਰੀ 'ਤੇ ਟੁੱਟ ਪਈਆਂ ਤੇ ਉਹ ਦੌੜ ਗਿਆ। ਸਿੱਖਾਂ ਨੇ ਸਿਰੀ ਨਗਰ 'ਤੇ ਕਬਜ਼ਾ ਕਰ ਲਿਆ। ਇਸ ਦੇ ਬਾਅਦ ਮਹਾਰਾਜਾ ਰਣਜੀਤ ਸਿੰਘ ਅਤੇ ਅਕਾਲੀ ਜੀ ਵਾਪਸ ਲਾਹੌਰ ਆ ਗਏ। ਮਹਾਰਾਜਾ ਸਾਹਿਬ ਨੇ ਬੜਾ ਜ਼ੋਰ ਲਾਇਆ ਕਿ ਅਕਾਲੀ ਜਰਨੈਲ ਲਾਹੌਰ ਹੀ ਨਿਵਾਸ ਕਰਨ, ਪਰ ਅਕਾਲੀ ਫੂਲਾ ਸਿੰਘ ਨਾ ਮੰਨੇ ਅਤੇ ਅੰਮ੍ਰਿਤਸਰ ਆ ਗਏ। ਇਸ ਸ਼ਹਿਰ ਨੂੰ ਕਿ ਉਹ ਬਹੁਤ ਪਿਆਰਦੇ ਸੀ ਅਤੇ ਇਹ ਉਹਨਾਂ ਦੀ ਹੈਡ ਕੁਆਰਟਰ ਰਿਹਾ ਸੀ।

ਕੁਝ ਸਮੇਂ ਬਾਅਦ ਯਾਰ ਮੁਹੰਮਦ ਖਾਂ ਪਸ਼ੌਰ ਦਾ ਗਵਰਨਰ ਸਥਾਪਤ ਹੋਇਆ। ਉਹ ਉਤੋਂ ਉਤੋਂ ਤਾਂ ਰਣਜੀਤ ਸਿੰਘ ਦੀ ਵਫ਼ਾਦਾਰੀ ਜ਼ਾਹਰ ਕਰਦਾ ਸੀ ਪਰ ਵਿਚੋਂ ਆਪਣੇ ਭਰਾ ਮੁਹੰਮਦ ਆਜ਼ਮ (ਅਜ਼ੀਮ) ਖਾਂ, ਜੋ ਕਿ ਕਾਬਲ ਦਾ ਬਾਦਸ਼ਾਹ ਸੀ, ਨਾਲ ਗੱਠ-ਜੋੜ ਰੱਖਦਾ ਸੀ। ਆਜ਼ਮ ਖ਼ਾਂ ਨੂੰ ਇਹ ਚੰਗਾ ਨਾ ਲੱਗਾ ਕਿ ਉਹਦਾ ਭਰਾ ਰਣਜੀਤ ਸਿੰਘ ਦਾ ਮਤਾਹਿਤ ਹੋਵੇ। ਸੋ ੧੮੨੨ ਈ. ਵਿਚ ਫੇਰ ਖ਼ੈਬਰ ਦੇ ਇਲਾਕੇ ਵਿਚ ਜਹਾਦ ਦੀਆਂ ਆਵਾਜ਼ਾਂ ਗੂੰਜਣ ਲੱਗ ਪਈਆਂ। ਆਜ਼ਮ ਖਾਂ ਕੋਈ ੨੫,੦੦੦ ਫ਼ੌਜ ਲੈ ਕੇ ਪਸ਼ੌਰ ਵੱਲ ਵਧਿਆ। ਇਹ ਸੁਣ ਕੇ ਯਾਰ ਮੁਹੰਮਦ ਤਾਂ ਪਹਾੜਾਂ ਵਿਚ ਜਾ ਵੜਿਆ ਅਤੇ ਪਸ਼ੌਰ ਸ਼ਹਿਰ 'ਤੇ ਆਜ਼ਮ ਖ਼ਾਂ ਦਾ ਕਬਜ਼ਾ ਹੋ ਗਿਆ। ਫੇਰ ਆਜ਼ਮ ਖ਼ਾਂ ਅੱਗੇ ਵਧਿਆ ਅਤੇ ਉਹਨੇ ਸਿੰਧ ਦਰਿਆ ਤਕ ਦੇ ਇਲਾਕੇ 'ਤੇ ਕਬਜ਼ਾ ਕਰ ਲਿਆ।

ਇਹ ਸੁਣ ਕੇ ਮਹਾਰਾਜਾ ਸਾਹਿਬ ਨੇ ਵੀ ਫ਼ੌਜ ਇਕੱਠੀ ਕੀਤੀ ਜਿਸ ਵਿਚ ਹਰੀ ਸਿੰਘ ਨਲਵਾ ਤੇ ਫੂਲਾ ਸਿੰਘ ਵਰਗੀਆਂ ਹਸਤੀਆਂ ਸ਼ਾਮਲ ਸੀ। ਇਹ ਫ਼ੌਜ ਜਦੋਂ ਅਟਕ ਪੁੱਜੀ ਤਾਂ ਪਹਿਲੀ ਕੁਝ ਸੈਨਾ ਦਾ ਹਿੱਸਾ ਨਲਵੇ ਦੀ ਕਮਾਨ ਹੇਠ ਦਰਿਆਉਂ ਪਾਰ ਭੇਜਿਆ। ਜਿਸ ਬੇੜੀਆਂ ਦੇ ਪੁਲ ਤੋਂ ਇਹ ਦਸਤਾ ਲੰਘਿਆ ਸੀ ਉਹ ਅਫ਼ਗਾਨਾਂ ਤੇ ਤੋੜ ਦਿੱਤਾ ਅਤੇ ਨਾਲ ਹੀ ਸ: ਹਰੀ ਸਿੰਘ ਨੂੰ ਘੇਰ ਲਿਆ। ਉਹਨਾਂ ਨਾਂਲ ਕੰਵਰ ਸ਼ੇਰ ਸਿੰਘ ਵੀ ਸੀ। ਇਹਨਾਂ ਨੂੰ ਖ਼ਤਰੇ ਵਿਚ ਵੇਖ ਰਣਜੀਤ ਸਿੰਘ ਨੇ ਛੇਤੀ ਨਾਲ ਦਰਿਆ ਪਾਰ ਕੀਤਾ ਅਤੇ ਘੇਰੇ ਵਾਲੀ ਥਾਂ ਪੁੱਜ ਕੇ ਅਫ਼ਗਾਨਾਂ ਨੂੰ ਹਾਰ ਦਿੱਤੀ ਜੋ ਕਿ ਨੌਸ਼ਹਿਰੇ ਵੱਲ ਪਿਛੇ ਹਟ ਗਏ। ਸਿੱਖ ਫ਼ੌਜਾਂ ਵੀ ਉਹਨਾਂ ਦਾ ਪਿੱਛਾ ਕਰਦੀਆਂ ਓਥੇ ਜਾ ਪੁੱਜੀਆਂ ਤੇ ਲੜਾਈ ਦੀਆਂ ਤਿਆਰੀਆਂ ਕਰਨ ਲੱਗੀਆਂ। ਦੋਵਾਂ ਧਿਰਾਂ ਦੀ ਲੜਾਈ ਉਸ ਥਾਂ 'ਤੇ ਹੋਈ ਜਿਥੇ ਕਿ ਹੁਣ ਨੌਸ਼ਹਿਰੇ ਦੀ ਛਾਉਣੀ ਹੈ। ਗਾਜ਼ੀਆਂ ਦਾ ਜ਼ਿਆਦਾ ਜ਼ੋਰ ਲੰਡੇ ਦਰਿਆ ਦੇ ਉਤਰ ਵੱਲ ਸੀ ਤੇ ਆਜ਼ਮ ਖ਼ਾਂ ਜੋ ਹੁਣ ਤਕ ਉਥੇ ਆ ਚੁਕਾ ਸੀ, ਦੁਖਣੀ ਕੰਢੇ ਵੱਲ ਹੀ ਪਿਆ ਰਿਹਾ।

ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਫ਼ੌਜ ਦੋ ਹਿੱਸਿਆਂ ਵਿਚ ਵੰਡੀ। ਆਪਣਾ ਤੋਪਖਾਨਾ ਅਤੇ ਕੁਝ ਫ਼ੌਜ ਉਥੇ ਹੀ ਆਜ਼ਮ ਖ਼ਾਂ ਨੂੰ ਰੋਕਣ ਛੱਡੀ। ਬਾਕੀ ਦੀ ਫ਼ੌਜ ਨੂੰ ਲੈ ਕੇ ਰਣਜੀਤ ਸਿੰਘ ਪਾਰਲੇ ਕੰਢੇ ਗਿਆ। ਪਿਆਦਾ ਫ਼ੌਜ ਵੈਰੀ ਦੇ ਫਾਇਰ ਹੇਠ ਆ ਗਈ ਅਤੇ ਸਿੱਖਾਂ ਦਾ ਕੁਝ ਨੁਕਸਾਨ ਹੋ ਗਿਆ। ਇਸ ਤੇ ਲਾਹੌਰ ਦੇ ਰਸਾਲੇ ਨੇ ਦੁਸ਼ਮਣ 'ਤੇ ਹੱਲਾ ਬੋਲ ਦਿੱਤਾ। ਇਹ ਵੇਖਕੇ ਅਫਗਾਨ ਪਹਾੜੀਆਂ ਤੋਂ ਹੇਠ ਉਤਾਰ ਆਏ ਅਤੇ ਸਿੱਖ ਰਸਾਲੇ ਨੂੰ ਭਾਂਜ ਪਾਣ ਹੀ ਵਾਲੇ ਸੀ ਕਿ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਸਾਲੇ ਦਾ ਦੂਜਾ ਹਿੱਸਾ ਅਫ਼ਗਾਨਾਂ 'ਤੇ ਚੜ੍ਹਾਂ ਦਿੱਤਾ। ਫੇਰ ਵੀ ਹਾਲਤ ਕੁਝ ਖ਼ਾਸ ਨਾ ਸੁਧਰੀ। ਇਸ ਨਾਜ਼ਕ ਵੇਲੇ ਅਕਾਲੀ ਫੂਲਾ ਸਿੰਘ ਆਪਣੇ ਨਿਹੰਗਾਂ ਨੂੰ ਲੈ ਵੈਰੀ 'ਤੇ ਟੁੱਟ ਪਿਆ। ਅਫ਼ਗਾਨਾਂ ਨੇ ਵੀ ਅਕਾਲੀਆਂ ਨੂੰ ਦੋ ਹੱਥ ਵਿਖਾਏ। 'ਅਲਾਹ ਅਲਾਹ' ਅਤੇ 'ਵਾਹਿਗੁਰੂ ਵਾਹਿਗੁਰੂ' ਦੀਆਂ ਆਵਾਜ਼ਾਂ ਨਾਲ ਤਲਵਾਰਾਂ ਦੇ ਟਕਰਾਉਣ ਦੀ ਖਟ ਖਟ ਸੁਣੀਂਦੀ ਸੀ। ਓਧਰ ਮਹਾਰਾਜਾ ਰਣਜੀਤ ਸਿੰਘ ਨੇ ਨਿਸ਼ਾਨ ਸਾਹਿਬ ਲੈ ਜੈਕਾਰਾ ਛੱਡਿਆ ਅਤੇ ਵੈਰੀ 'ਤੇ ਜਾ ਪਏ। ਦੁਸ਼ਮਣ ਦੋਹਾਂ ਪਾਸਿਆਂ ਤੋਂ ਘਿਰਿਆ ਪਿਆ ਸੀ।

ਪਰ ਇਸ ਲੜਾਈ ਵਿਚ ਅਕਾਲੀ ਜੀ ਦਾ ਘੋੜਾ ਫੱਟੜ ਹੋ ਗਿਆ ਅਤੇ ਉਹ ਇਕ ਹਾਥੀ 'ਤੇ ਸਵਾਰ ਹੋ ਗਏ, ਜਿਸ ਕਰਕੇ ਉਹਨਾਂ ਦੀ ਫੁਰਤੀ ਵਿਚ ਫ਼ਰਕ ਪੈ ਗਿਆ। ਹੁਣ ਅਫ਼ਗਾਨਾਂ ਨੇ ਆਪਣੀਆਂ


www.AKJ.Org

ਬੰਦੂਕਾਂ ਅਕਾਲੀ ਜੀ ਵੱਲ ਕੀਤੀਆਂ, ਅਤੇ ਉਹਨਾਂ ਨੂੰ ਗੋਲੀਆਂ ਨਾਲ ਵਿੰਨ੍ਹ ਦਿੱਤਾ। ਆਪਣੇ ਸਰਦਾਰ ਨੂੰ ਇੰਜ ਫੱਟੜ ਹੋਇਆ ਵੇਖ ਅਕਾਲੀ ਹੋਰ ਵੀ ਜੋਸ਼ ਵਿਚ ਆਏ ਅਤੇ ਵੈਰੀ 'ਤੇ ਟੁੱਟ ਪਏ ਫੇਰ ਮੈਦਾਨ ਉਹਨਾਂ ਦੇ ਹੱਥ ਆ ਗਿਆ। ਫੂਲਾ ਸਿੰਘ ਜੀ ਉਥੇ ਹੀ ਪਰਾਨ ਤਿਆਗ ਗਏ, ਪਰ ਜਦੋਂ ਤਕ ਸਾਹ ਹੈ ਸੀ, ਆਪਣੇ ਸਾਥੀਆਂ ਨੂੰ ਹੱਲਾ-ਸ਼ੇਰੀ ਦੇਂਦੇ ਹੀ ਰਹੇ। ਇਸ ਤਰ੍ਹਾਂ ਅੰਤ ਹੋਇਆ ਇਸ ਜੋਸ਼ੀਲੇ, ਬਹਾਦਰ ਅਤੇ ਅਣਖੀ ਜਰਨੈਲ ਦਾ। ਸਿੱਖਾਂ ਦਾ ਨੁਕਸਾਨ ਤਾਂ ਭਾਵੇਂ ਬਹੁਤ ਹੋਇਆ ਪਰ ਏਸ ਜਿੱਤ ਨੇ ਇਹ ਫੈਸਲਾ ਕਰ ਦਿੱਤਾ ਕਿ ਖ਼ੈਬਰ ਅਤੇ ਅਟਕ ਵਿਚਕਾਰ ਕਿਸਦਾ ਰਾਜ ਹੋਵੇਗਾ।

ਦੂਜੇ ਦਿਨ ਇਸ ਸੂਰਮੇ ਅਕਾਲੀ ਜਰਨੈਲ ਦਾ ਸਸਕਾਰ ਉਸੇ ਥਾਂ 'ਤੇ ਹੀ ਕੀਤਾ ਗਿਆ। ਪਿਛੋਂ ਓਥੇ ਉਹਨਾਂ ਦੀ ਯਾਦ ਵਿਚ ਯਾਦਗਾਰ ਬਣਾਈ ਗਈ। ੧੯੪੭ ਦੀ ਮੁਲਕ ਦੀ ਵੰਡ ਵਿਚ ਇਸ ਇਲਾਕੇ ਦੇ ਵੀ ਸਿੱਖ ਭਾਰਤ ਵਿਚ ਆ ਗਏ ਤਦ ਉਹਨਾਂ ਦਿੱਲੀ ਵਿਚ ਅਕਾਲੀ ਜੀ ਦੀ ਯਾਦ ਵਿਚ ਇਕ ਗੁਰਦੁਆਰਾ ਅਤੇ ਇਕ ਸਕੂਲ ਪੂਸਾ ਰੋਡ 'ਤੇ ਬਣਾਇਆ ਹੈ।

ਅਕਾਲੀ ਫੂਲਾ ਸਿੰਘ ਉੱਚੇ ਕੱਦ ਦੇ ਨਹੀਂ ਸੀ, ਪਰ ਉਹਨਾਂ ਦਾ ਜਿਸਮ ਗੁੰਦਿਆਂ ਹੋਇਆ ਸੀ ਅਤੇ ਰੰਗ ਸਾਫ ਸੀ। ਉਹ ਵੇਖਣ ਵਿਚ ਬੜੇ ਸੁੰਦਰ ਲਗਦੇ ਸਨ। ਕਿਹਾ ਜਾਂਦਾ ਹੈ ਕਿ ਆਪਣੀ ਉਮਰ ਵਿਚ ਕਦੇ ਵੀ ਬਿਮਾਰ ਨਹੀਂ ਸੀ ਹੋਏ। ਉਹਨਾਂ ਦਾ ਬੜਾ ਰੁਹਬ-ਦਾਹਬ ਸੀ। ਇਸ ਲਈ ਉਹਨਾਂ ਨੂੰ ਮਿਲਣ ਵਾਲੇ ਆਮ ਕਰਕੇ ਹੀ ਪ੍ਰਭਾਵਤ ਹੋ ਜਾਂਦੇ ਸੀ। ਉਹ ਆਪਣੇ ਸਾਥੀਆਂ ਨੂੰ ਚੰਗੀ ਹੱਲਾ-ਸ਼ੇਰੀ ਦੇਂਦੇ ਅਤੇ ਉਹ (ਸਾਥੀ) ਵੀ ਅਕਾਲੀ ਜੀ ਦੇ ਕਹਿਣ 'ਤੇ ਕਠਿਨ ਤੋਂ ਕਠਿਨ ਕੰਮ ਕਰਨ ਲੱਗ ਜਾਂਦੇ। ਅਕਾਲੀ ਸਾਹਿਬ ਬੜੇ ਪੱਕੇ ਇਰਾਦੇ ਵਾਲੇ ਪੁਰਸ਼ ਸਨ। ਜਿਸ ਕਿਸੇ ਕੰਮ ਜਾਂ ਅਸੂਲ 'ਤੇ ਰੀਝ ਜਾਂਦੇ ਜਾਂ ਜੋ ਉਹਨਾਂ ਨੂੰ ਚੰਗਾ ਜਾਪਦਾ, ਉਸ ਨੂੰ ਸਿਰੇ ਚਾੜ੍ਹਨ ਲਈ ਪੂਰਾ ਜ਼ੋਰ ਲਾ ਦੇਂਦੇ। ਇਕ ਵਾਰੀ ਨੌਸ਼ਹਿਰੇ ਦੀ ਲੜਾਈ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਵੈਰੀ ਦੀ ਬਹੁਗਿਣਤੀ ਵੇਖ ਕੇ ਹਮਲਾ ਨਾ ਕਰਨਾ ਚਾਹਿਆ ਜਿਸ ਲਈ ਕਿ ਉਹ ਪਹਿਲਾਂ ਫੈਸਲਾ ਕਰ ਚੁਕੇ ਸੀ ਪਰ ਅਕਾਲੀ ਫੂਲਾ ਸਿੰਘ ਸਹਿਮਤ ਨਾ ਹੋਏ, ਅਤੇ ਹਮਲਾ ਕਰਨ ਦੇ ਫੈਸਲੇ 'ਤੇ ਡਟੇ ਰਹੇ ਕਿਉਂਕਿ ਖਾਲਸੇ ਨੇ ਇਸ ਕੰਮ ਕਰਨ ਲਈ ਅਰਦਾਸ ਕੀਤੀ ਹੋਈ ਸੀ। ਆਖਰ ਰਣਜੀਤ ਸਿੰਘ ਨੂੰ ਮੰਨਣਾ ਪਿਆ। ਉਹ ਗੁਰੂ ਗ੍ਰੰਥ ਸਾਹਿਬ ਸਾਹਮਣੇ ਜੋ ਮਤਾ ਪਾਸ ਕਰ ਲਿਆ ਜਾਵੇ, ਉਸ ਨੂੰ ਪੂਰਾ ਕਰਨਾ ਅਵੱਸ਼ ਸਮਝਦੇ।

ਉਹਨਾਂ ਦੇ ਖੁਲ੍ਹੇ ਅਤੇ ਸਾਫ਼ ਕਹਿਣੀ ਦੇ ਸੁਭਾਅ ਤੋਂ ਸਭ ਜਾਣੂੰ ਸਨ। ਇਸੇ ਲਈ ਲਾਹੌਰ ਦੇ ਦਰਬਾਰੀ ਉਹਨਾਂ ਤੋਂ ਖ਼ੌਮ ਖਾਂਦੇ ਸੀ। ਕਹਿੰਦੇ ਨੇ ਕਿ ਇਕ ਵਾਰੀ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਸਿੱਖੀ ਅਸੂਲਾਂ ਦੇ ਉਲਟ ਕੁਝ ਕਾਰਵਾਈ ਕੀਤੀ ਤਾਂ ਉਹਨਾਂ ਨੂੰ ਵੀ ਕੋਸਣ ਤੋਂ ਅਕਾਲੀ ਜੀ ਨਾ ਝਕੇ।

ਉਹਨਾਂ ਦੀ ਬਹਾਦਰੀ ਦਾ ਸਬੂਤ ਤੇ ਉਹਨਾਂ ਦੇ ਲੜਾਈਆਂ ਵਿਚ ਕਾਰਨਾਮੇ ਸ਼ਾਖਸਾਤ ਹਨ। ਮੁਲਤਾਨ ਦੇ ਜੰਗ ਵਿਚ ਕਿਵੇਂ ਉਹ ਜਾਨ ਤਲੀ 'ਤੇ ਰੱਖ ਕੇ ਕਿਲ੍ਹੇ ਦੇ ਅੰਦਰ ਜਾ ਵੜੇ ਨੌਸ਼ਹਿਰੇ ਦੀ ਲੜਾਈ ਵਿਚ ਕਿਵੇਂ ਜੂਝਦੇ ਜੂਝਦੇ ਉਥੇ ਹੀ ਜਾਨ ਦੇ ਦਿੱਤੀ। ਜਿਥੇ ਵੀ ਕੋਈ ਮੋਰਚਾ ਅੜ ਜਾਂਦਾ ਅਕਾਲੀ ਫੂਲਾ ਸਿੰਘ ਦੀ ਸੈਨਾ ਕੰਮ ਆਉਂਦੀ। ਸਮਿਥ ਲਿਖਦਾ ਹੈ ਕਿ ਨੌਸ਼ਹਿਰੇ ਦੇ ਨੇੜੇ ਟੇਰੀ ਦੀ ਲੜਾਈ ਵਿਚ ਜਦੋਂ ਰਣਜੀਤ ਸਿੰਘ ਨੂੰ ਜਿੱਤਣ ਦੀ ਕੋਈ ਆਸ ਨਾ ਰਹੀ ਤਾਂ ਇਹ ਲੜਾਈ ਅਕਾਲੀ ਫੂਲਾ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀ ਬਹਾਦਰੀ ਕਾਰਨ ਜਿੱਤੀ ਗਈ।

ਅਕਾਲੀ ਫੂਲਾ ਸਿੰਘ ਪੈਰਾਂ ਦੇ ਫੁਰਤੀਲੇ ਤਲਵਾਰ ਦੇ ਧਨੀ ਅਤੇ ਚੰਗੇ ਘੋੜ ਸਵਾਰ ਸਨ। ਉਹ ਕਈ ਵਾਰੀ ਅੱਠ ਅੱਠ, ਦਸ ਦਸ ਘੰਟੇ ਘੋੜੀ ਦੀ ਕਾਠੀ 'ਤੇ ਹੀ ਬਿਤਾ ਦੇਂਦੇ ਸੀ।

ਅਕਾਲੀ ਸਾਹਿਬ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਥਾਹ ਯਕੀਨ ਸੀ। ਕਿਸੇ ਵੀ ਕੰਮ ਨੂੰ ਆਰੰਭ ਕਰਨ ਤੋਂ ਪਹਿਲਾਂ ਅਤੇ ਕਿਸੇ ਵੀ ਜੰਗ ਵਿਚ ਸ਼ਾਮਿਲ ਹੋਣ ਤੋਂ ਪਹਿਲਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਗਿਆ ਲੈਂਦੇ। ਉਹ ਵੇਹਲੇ ਵੇਲੇ ਕਿੰਨਾ ਕਿੰਨਾ ਚਿਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ ਰਹਿੰਦੇ।


www.AKJ.Org

ਮਾਇਆ ਅਤੇ ਸ਼ਾਨ-ਸ਼ੌਕਤ ਅਕਾਲੀ ਫੂਲਾ ਸਿੰਘ ਨੂੰ ਨਹੀਂ ਸੀ ਭਰਮਾ ਸਕਦੀ। ਜਿਥੇ ਉਹ ਅਮੀਰ ਨੂੰ ਲੁੱਟਦੇ ਸੀ ਉਥੇ ਉਹ ਗਰੀਬਾਂ ਲਈ ਬੜੇ ਤਰਸਵਾਨ ਵੀ ਸਨ। ਉਨ੍ਹਾਂ ਦੇ ਦਿਲ ਵਿਚ 'ਫਕੀਰ ਭਰਾਵਾਂ' ਲਈ ਬੜਾ ਆਦਰ ਸੀ। ਉਹ ਇਹਨਾਂ ਨਾਲ ਕਦੇ ਵੀ ਬੁਰੀ ਤਰ੍ਹਾਂ ਪੇਸ਼ ਨਹੀਂ ਆਏ ਸਨ। ਅਕਾਲੀ ਜੀ ਉਹਨਾਂ ਨੂੰ ਬੜੇ ਸੁੱਚੇ ਇਨਸਾਨ ਸਮਝਦੇ ਸਨ ਅਤੇ ਹਮੇਸ਼ਾਂ ਹੀ "ਬਾਬਾ ਜੀ" ਜਾਂ "ਸਾਂਈਂ ਜੀ" ਕਰਕੇ ਸੰਬੋਧਨ ਕਰਦੇ ਸੀ। ਪਰ ਉਹ ਡੋਗਰਾ ਪਾਰਟੀ ਦੇ ਬੜੇ ਬਰਖਿਲਾਫ਼ ਸਨ; ਉਹ (ਡੋਗਰੇ) ਕਿਸੇ ਵੀ ਸਹਿਜ਼ਾਦੇ ਨੂੰ ਰਾਜ ਜਾਂ ਸਰਕਾਰ ਦਾ ਕੰਮ ਨਹੀਂ ਸੀ ਸਿੱਖਣ ਦੇਂਦੇ। ਉਹ ਉਹਨਾਂ ਵਿਚੋਂ ਇਕ ਸਨ ਜਿਨ੍ਹਾਂ ਨੇ ਕਿ ਡੋਗਰਿਆਂ ਦੀ ਬਦਨੀਤੀ ਅਤੇ ਬਦਚਾਲਾਂ ਨੂੰ ਚੰਗੀ ਤਰ੍ਹਾਂ ਭਾਪ ਲਿਆ ਸੀ ਅਤੇ ਹਮੇਸ਼ਾਂ ਇਸ ਖ਼ਤਰੇ ਤੋਂ ਮਹਾਰਾਜ ਰਣਜੀਤ ਸਿੰਘ ਨੂੰ ਜਾਣੂ ਕਰਵਾਂਦੇ ਰਹਿੰਦੇ ਸਨ। ਜੇਕਰ ਉਸ ਵੇਲੇ ਮਹਾਰਾਜਾ ਰਣਜੀਤ ਸਿੰਘ ਇਹਨਾਂ ਗੱਦਾਰਾਂ ਦੀਆਂ ਚਾਲਾਂ ਨੂੰ ਸਮਝ ਲੈਂਦਾ ਅਤੇ ਅਕਾਲੀ ਫੂਲਾ ਸਿੰਘ ਵਰਗੇ ਸਾਫ਼-ਦਿਲ ਪੁਰਸ਼ਾਂ ਦੀ ਗੱਲ ਮੰਨ ਲੈਂਦਾ ਤਾਂ ਹੋ ਸਕਦਾ ਸੀ ਕਿ ਸਿੱਖ ਰਾਜ ਇੰਨੀ ਜਲਦੀ ਅਤੇ ਇੰਨੀ ਦੁਰਦਸ਼ਾ ਨਾਲ ਖ਼ਤਮ ਨਾ ਹੋ ਜਾਂਦਾ। ਪਰ ਕੁਦਰਤ ਦੇ ਰੰਗ ਨਿਆਰੇ ਹਨ । ਸਹੀ ਸਬਦਾਂ ਵਿਚ ਸਿੱਖ ਰਾਜ ਦੇ ਇਕ ਬੜੇ ਮਜ਼ਬੂਤ ਥੰਮ ਸਨ ਅਕਾਲੀ ਫੂਲਾ ਸਿੰਘ।

---

((ਪੰਨਾ ੨੬ ਦਾ ਬਾਕੀ ...)

(੫) ਉਦਾਹਰਣ ਤਿੰਨ ਵਿਅਕਤੀ ਗੁਰੂਦੇਵਾਂ ਦਾ (ਭਾਈ ਲਹਿਣਾ ਜੀ, ਭਾਈ ਅਮਰਦਾਸ ਜੀ, ਭਾਈ ਜੇਠਾ ਜੀ) ਜੋ ੧ੴ ਸਤਿਗੁਰੂ ਦੇ ਪਾਵਨ ਨਾਮ ਨੂੰ (ਕਿਸੇ ਵੀ ਰੂਪ ਵਿਚ) ਜਪਿ ਜਪਿ ਕੇ ਪਾਵਨ ਪੁਨੀਤ ਹੋ ਕੇ ਪ੍ਰਵਾਨ ਹੋ ਗਏ ਤੇ ਉਸੇ ਵਿਚ ਸਮਾ ਕੇ ਗੁਰੂ ਦੇਵ ਹੋ ਗਏ। (੬) ਮੁਕਤੀ, ਭਟਕਣ ਤੇ ਭ੍ਰਮਣ ਤੋਂ। ਮਨਜ਼ਲ ਸਪਸ਼ਟ ਹੈ ਘਟ ਹੀ ਖੋਜੋ ਭਾਈ ਤੇ ਰਸਤਾ ਉਸ ਤੋਂ ਵੀ ਸਪਸ਼ਟ ਹੈ। ਯਥਾ : ਜਨਮ ਜਨਮ ਦੀ ਹਉਮੈ ਮਲੁ ਲਾਗੀ ਮਿਲਿ ਸੰਗਤਿ ਮਲੁ ਲਹਿ ਜਾਵੈਗੋ। ਜਿਉ ਲੋਹਾ ਤਰਿਓ ਸੰਗਿ ਕਾਸਟ ਲਗਿ ਸਬਦਿ ਗੁਰੂ ਹਰਿ ਪਾਵੈਗੋ।। (ਅੰਕ ੧੩੦੯)

ਲੋੜ ਹੈ ੧ੴ ਨੂੰ ਵਿਧੀਵਤ ਗੁਰੂ ਮੰਨਣ ਦੀ ਯਥਾ : ਜਿਹ ਗੁਰਮਾਨਿ ਪ੍ਰਭੂ ਲਿਵ ਲਾਈ ਤਿਹ ਮਹਾ ਅਨੰਦ ਰਸੁ ਕਰਿਆ। ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ, ਤੇ ਨਰਕ ਘੋਰਮਹਿ ਪਰਿਆ।। (ਅੰਕ ੬੧੬) ਲੋੜ ਹੈ ਉਸਦੇ ਗਿਆਨ ਸਰੂਪ ਸ਼ਬਦ ਤੋਂ ਗਿਆਨ ਲੈ ਕੇ ਦਿਤੀ ਹੋਈ ਮਤਿ 'ਜਪੁ' ਦੀ ਕਮਾਈ ਕਰਨ ਦੀ। ਯਥਾ : ਆਠ ਪਹਰ ਹਰਿ ਹਰਿ ਜਪੁ ਜਾਪਿ ਰਾਖਨ ਹਾਰੁ ਗੋਵਿੰਦ ਗੁਰੁ ਆਪਿ (ਅੰਕ ੧੧੪੯) ਲੋੜ ਹੈ ਜਨਮ ਜਨਮਾਂਤ੍ਰਾ ਤੋਂ ਪਾਪਾਂ ਨਾਲ ਭਰੀ ਮਤਿ ਨੂੰ ਵਾਹਿਗੁਰੂ ਨਾਮ ਨਾਲ ਧੋ ਕੇ ਪਵਿਤ੍ਰ ਕਰਨ ਦੀ ਯਥਾ : ਭਰੀਐ ਮਤਿ ਪਾਪਾ ਕੈ ਸੰਗ ਉਹ ਧੋਪੈ ਨਾਵੈ ਕੈ ਰੰਗ। (ਪਉੜੀ ੨੦ ਜਪੁਜੀ) ਅਤੇ ਗਯਾਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ। (ਪਾ: ੧੦), ਤਾਂ ਜੋ ਉਸਦੇ ਬਾਅਦ ਨਦਰੀ ਨਿਹਾਲ ਹੋ ਜਾਈਏ।

ਜਨ ਨਾਨਕ ਕਉ ਮਤਿ ਹਰਿ ਪ੍ਰਭਿ ਦੀਨੀ
ਦੇਖਿ ਨਿਕਟਿ ਹਦੂਰਿ ਨਿਹਾਲ ਨਿਹਾਲ ਨਿਹਾਲ ਨਿਹਾਲ (ਅੰਕ ੬੭੮)

---

(ਪੰਨਾ ੨੪ ਦਾ ਬਾਕੀ ...)

ਇਕ ਤ੍ਰੰਗ ਉਠਦੀ ਹੈ ਤੇ ਆਪਣੇ ਆਪ ਨੂੰ ਪ੍ਰਭੂ ਦੇ ਚਰਨਾਂ ਵਿਚ ਪੇਸ਼ ਕਰਨ ਵੇਲੇ ਵੀ ਉਹ ਦੂਜਿਆਂ ਦੇ ਭਲੇ ਲਈ ਵੀ ਅਰਦਾਸ ਕਰਨੋਂ ਰਹਿ ਨਹੀਂ ਸਕਦਾ।

ਅਠਵਾਂ- ਸੰਗਤ ਨਾਲ ਮਿਲ ਕੇ ਅਰਦਾਸ ਕਰਨ ਵਾਲਿਆਂ ਦੇ ਹਿਰਦੇ ਆਪੋ ਵਿਚ ਗੰਢੇ ਜਾਂਦੇ ਹਨ। ਸਤਸੰਗੀ ਇਕ ਦੂਜੇ ਨੂੰ ਆਪਣਾ ਸਮਝਣ ਲਗ ਪੈਂਦੇ ਹਨ। ਆਪਣੇ ਭਰਾਵਾਂ ਨਾਲ ਇਸ ਤਰ੍ਹਾਂ ਡੂੰਘਾ ਪਿਆਰ ਪੈਣਾ ਇਕ ਉਚੀ ਬਰਕਤ ਹੈ ਤੇ ਮਨੁਖਾਂ ਨੂੰ ਇਹਦੀ ਪ੍ਰਭੂ ਨਾਲ ਮਿਲਾਪ ਦੀ। ਇਹ ਲੋੜ ਵੀ ਅਰਦਾਸ ਦੇ ਅਭਿਆਸ ਨਾਲ ਪੂਰੀ ਹੁੰਦੀ ਹੈ।

ਇਹ ਸਾਰੀ ਵਿਚਾਰ ਨੂੰ ਅਗੇ ਰਖਿਆ ਮੰਨਣਾ ਪਏਗਾ ਕਿ ਦੁਨਿਆਵੀ ਲੋੜਾਂ ਦੇ ਸੁਆਲ ਨੂੰ ਲਾਂਭੇ ਰਖ ਕੇ ਵੀ ਇਸ ਗਲ ਦੀ ਬੜੀ ਲੋੜ ਹੈ ਕਿ ਮਨੁਖ ਆਪਣੇ ਸਿਰਜਣਹਾਰ ਦੇ ਚਰਨਾਂ ਵਿਚ ਅਰਜ਼ੋਈ ਕਰਦਾ ਰਹੇ।


www.AKJ.Org

# ਸਲੋਕ ਭਗਤ ਕਬੀਰ ਜੀਉ ਕੇ

(Translated By Jaspinder Singh)

ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ॥ ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ॥੯੬॥

Slok No.96: O' Kabir! A person starts Godly devotion to realize God. However he starts making his own disciples in between and forsakes God. Thus one goes astray half-way.-96

ਕਬੀਰ ਕਾਰਨੁ ਬਪੁਰਾ ਕਿਆ ਕਰੈ ਜਉ ਰਾਮੁ ਨ ਕਰੈ ਸਹਾਇ॥ ਜਿਹ ਜਿਹ ਡਾਲੀ ਪਗੁ ਧਰਉ ਸੋਈ ਮੁਰਿ ਮੁਰਿ ਜਾਇ॥੯੭॥

Slok No.97: O' Kabir ! What means a poor mortal can adopt for God-Realization without help of Divine? All egocentric efforts are of no avail. This is comparable to a person trying to reack a tree, top, but the branches he selects for climbing support are weak or fragile that lead to his fall to the ground rather than rise to the top.-97

ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ॥ ਰਾਸਿ ਬਿਰਾਨੀ ਰਾਖਤੇ ਖਾਯਾ ਘਰ ਦਾ ਖੇਤੁ॥੯੮॥

Slok No.98: O' Kabir! The fake saints preach to others, but lack faith in their own preaching words. They find those words tasteless instead of nactarian. They are not able to obtain their own salvation though they appear to be saviors of other.-98

ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ॥ ਹੋਨਹਾਰੁ ਸੋ ਹੋਇਹੈ ਸਾਕਤ ਸੰਗਿ ਨ ਜਾਉ॥੯੯॥

Slok No.99: O' Kabir! Seek company of a saint even if it involves material poverty. Come what may, never fail in the company of godless atheists.-99

ਕਬੀਰ ਸੰਗਤਿ ਸਾਧ ਕੀ ਦਿਨ ਦਿਨ ਦੂਨਾ ਹੇਤੁ॥ ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤੁ॥੧੦੦॥

Slok No. 100: O' Kabir! In the company of a saint, the Love-Divine grows in one's heart. A godless one is like a black shawl that becomes not white even on repeated washing. The godless is evil of heart and can never be virtous inspite of a holy garb that he may take up.-100

ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ॥ ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ॥੧੦੧॥

Slok No. 101: O' Kabir! How can one become a saint by taking up a garb with inner self-purity of Godliness? What matters most is self-control of mind. Mere garb is useless. - 101

***Synopsis of sloks 71-101:***

Godliness is bestowed as gift of the Divine and needs to be pursued whole heartedly. However being godly and virtuous calls for lot of sacrifice and personal, yet it is worth. One must not postpone Nam devotion, as life is uncertain and transitory. Submission to Will-Divine wins approval of the Divine and peace. Mere show of holiness is no use the true devotion lives in godly presence. Godliness like touch-stone and sandal wood induces its own virtue in others. Without Godliness, the punishment for evil-doing under Divine law, is dreadful. Life as gift Divine should be well spent in Godliness. This ensures virtues in the devotee beyond reckoning.

(ਬਾਕੀ ਪੰਨਾ ੩੬ ਤੇ .)

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਲੜੀ ਜੋੜਨ ਲਈ ਸੂਰਾ ਫਰਵਰੀ 2000 ਦੇਖੋ

ਹਰਿ ਕੀਰਤਿ ਉਤਮੁ ਨਾਮੁ ਹੈ ਵਿਚਿ ਕਲਜੁਗ ਕਰਣੀ ਸਾਰੁ॥
ਮਤਿ ਗੁਰਮਤਿ ਕੀਰਤਿ ਪਾਈਐ ਹਰਿ ਨਾਮਾ ਹਰਿ ਉਰਿ ਹਾਰੁ॥੨॥੪॥
(ਕਾਨੜੇ ਦੀ ਵਾਰ ਮ: ੪, ਪੰਨਾ ੧੩੧੪)

ਭਾਵ ਅਰਥ - ਨਾਮ ਗੁਰਬਾਣੀ-ਮਈ ਹਰਿ-ਕੀਰਤਨ ਸਭ ਕਰਮਾਂ ਤੋਂ ਉਤਮ ਸਰਬੋਤਮ ਕਰਮ ਹੈ। ਕਲਜੁਗ ਅੰਦਰਿ ਸਾਰ ਕਰਣੀ ਹੈ ਤਾਂ ਇਹੀ ਹਰਿ ਕੀਰਤਨ ਹੈ। ਪ੍ਰੰਤੂ ਇਹ ਹਰਿ-ਕੀਰਤਨ ਪ੍ਰਾਪਤਿ ਹੁੰਦਾ ਹੈ ਤਾਂ ਗੁਰਮਤਿ ਮਤ ਧਾਰਨ ਕੀਤਿਆਂ ਹੁੰਦਾ ਹੈ। ਗੁਰਮਤਿ ਹਰਿ-ਕੀਰਤਨ ਨੂੰ ਕਰਨਹਾਰੇ ਗੁਰਮੁਖ ਜਨ ਕੀਰਤਨ ਦੇ ਨਾਲੋ ਨਾਲਿ ਨਾਮ ਅਭਿਆਸ ਭੀ ਜਾਰੀ ਰਖਦੇ ਹਨ, ਕਿਉਂਕਿ ਗੁਰਮਤਿ ਧਾਰਨ ਕਰਨ ਸਮੇਂ ਅੰਮ੍ਰਿਤ ਛਕਣ ਸਾਰ ਜੋ ਤੱਤ ਗੁੜ੍ਹਤੀ ਮਿਲਦੀ ਹੈ, ਤਾਂ ਗੁਰਮਤਿ ਨਾਮ ਗੁਰਮੰਤ੍ਰ ਦੀ ਮਿਲਦੀ ਹੈ। ਗੁਰਮਤਿ ਨਾਮ ਦੇ ਰਸੀਏ ਗੁਰਮੁਖ ਜਨ ਹਰਿ ਕੀਰਤਨ ਕਰਿ ਕਰਿ ਇਸ ਹਰਿ ਨਾਮ ਰਹੱਸ ਨੂੰ ਹੋਰ ਅਰੂੜ ਕਰਦੇ ਹਨ। ਹੱਤਾ ਕਿ ਨਾਮੁ ਹੀਰਾ ਰਤਨ ਜੋਤਿ ਜਲਵਨਾਂ ਰਤਨ ਹੋ ਕੇ ਅਭਿਆਸੀ ਜਨਾਂ ਦੇ ਗਲ ਦਾ ਹਾਰ ਹੋ ਜਾਂਦਾ ਹੈ, ਜੋ ਸਦਾ ਹੀ ਕੰਠ ਅੰਦਰ ਜਗਮਗਾਉਂਦਾ ਰਹਿੰਦਾ ਹੈ। ਜਿਉਂ ਜਿਉਂ ਕੀਰਤਨ ਕਰੇ ਸੁਣੇ, ਤਿਉਂ ਤਿਉਂ ਹੋਰ ਜਗਮਗਾਉਂਦਾ ਹੈ। ਇਸ ਜਗਮਗੀ ਕੰਠਿ ਵਿਗਸਨੀ ਨਾਮ ਵਿਚਿ ਜੋਤਿ ਸਹੰਮੀ ਸੀਤਲਤਾ ਭਰੀ ਅਚਰਜ ਮਿਠਾਸ ਹੁੰਦੀ ਹੈ ਜੋ ਮੁਖੋਂ ਵਰਨਣ ਨਹੀਂ ਕੀਤੀ ਜਾਂਦੀ। ਇਸ ਜੋਤਿ-ਠਰੰਮੀ ਮਿਠਾਸ ਹਲਾਸ ਦਾ ਬਿਸਮਾਦ ਰਸ ਸੋਇ ਜਾਣਦੇ ਹਨ ਜਿਨ੍ਹਾਂ ਮਾਣਿਆ ਹੈ।

ਹਰਿ ਕੀਰਤਿ ਮਨਿ ਭਾਈ ਪਰਮ ਗਤਿ ਪਾਈ ਹਰਿ ਮਨਿ ਤਨਿ ਮੀਠ ਲਗਾਨ ਜੀਉ॥
ਹਰਿ ਹਰਿ ਰਸੁ ਪਾਇਆ ਗੁਰਮਤਿ ਹਰਿ ਧਿਆਇਆ ਧੁਰਿ ਮਸਤਕਿ ਭਾਗ ਪੁਰਾਨ ਜੀਉ॥
ਧੁਰਿ ਮਸਤਕਿ ਭਾਗੁ ਹਰਿ ਨਾਮਿ ਸੁਹਾਗੁ ਹਰਿ ਨਾਮੇ ਹਰਿ ਗੁਣ ਗਾਇਆ॥
ਮਸਤਕਿ ਮਣੀ ਪ੍ਰੀਤਿ ਬਹੁ ਪ੍ਰਗਟੀ ਹਰਿ ਨਾਮੈ ਹਰਿ ਸੋਹਾਇਆ॥
ਜੋਤੀ ਜੋਤਿ ਮਿਲੀ ਪ੍ਰਭੁ ਪਾਇਆ ਮਿਲਿ ਸਤਿਗੁਰ ਮਨੂਆ ਮਾਨ ਜੀਉ॥
ਹਰਿ ਕੀਰਤਿ ਮਨਿ ਭਾਈ ਪਰਮ ਗਤਿ ਪਾਈ ਹਰਿ ਮਨਿ ਤਨਿ ਮੀਠ ਲਗਾਨ ਜੀਉ॥੧॥
ਹਰਿ ਹਰਿ ਜਸੁ ਗਾਇਆ ਪਰਪਮਦੁ ਪਾਇਆ ਤੇ ਊਤਮ ਜਨ ਪਰਧਾਨ ਜੀਉ॥
ਤਿਨ ਹਮ ਚਰਣ ਸਰੇਵਹ ਖਿਨੁ ਖਿਨੁ ਪਗ ਧੋਵਹਿ ਜਿਨ ਹਰਿ ਮੀਠ ਲਗਾਨ ਜੀਉ॥
ਹਰਿ ਮੀਠਾ ਲਾਇਆ ਪਰਮ ਸੁਖੁ ਪਾਇਆ ਮੁਖਿ ਭਾਗਾ ਰਤੀ ਚਾਰੇ॥
ਗੁਰਮਤਿ ਹਰਿ ਗਾਇਆ ਹਰਿ ਹਾਰੁ ਉਰਿ ਪਾਇਆ ਹਰਿ ਨਾਮਾ ਕੰਠਿ ਧਾਰੇ॥
ਸਭ ਏਕ ਦ੍ਰਿਸਟਿ ਸਮਤੁ ਕਰਿ ਦੇਖੈ ਸਭੁ ਆਤਮ ਰਾਮੁ ਪਛਾਨੁ ਜੀਉ॥
ਹਰਿ ਹਰਿ ਜਸੁ ਗਾਇਆ ਪਰਮ ਪਦੁ ਪਾਇਆ ਤੇ ਊਤਮ ਜਨ ਪਰਧਾਨ ਜੀਉ॥੨॥
(੪॥੫॥੧੨)(ਆਸਾ ਮ: ੪, ਪੰਨਾ ੪੪੬)

ਵਿਆਖਿਆ- ਜਿਨ੍ਹਾਂ ਗੁਰੂ ਵਰੋਸਾਏ ਗੁਰੂ ਨਦਰਾਏ ਗੁਰਮੁਖ ਜਨਾਂ ਦੇ ਮਨਾਂ ਅੰਦਰਿ ਵਾਹਿਗੁਰੂ ਦੀ ਹਰਿ ਕੀਰਤਿ ਰੂਪੀ ਕਰਣੀ ਹੀ ਭਾਈ ਹੈ, ਓਹਨਾਂ ਦੀ ਅਨਦਿਨ ਕੀਰਤਨ ਕਰਦਿਆਂ ਦੀ ਵਿਹਾਈ ਹੈ। ਅਜਿਹੇ ਕੀਰਤਨ ਰਸੀਅੜੇ ਗੁਰਮੁਖ ਜਨਾਂ ਨੇ ਹੀ ਪਰਮ ਪਦਵੀ ਪਾਈ ਹੈ। ਤਿਨ੍ਹਾਂ ਦੀ ਪਰਮ ਗਤੀ ਹੋਈ ਹੈ। ਤਿਨ੍ਹਾਂ ਨੂੰ ਹੀ ਸੱਚ ਮੁੱਚ ਵਾਹਿਗੁਰੂ ਦਾ ਨਾਮ ਮਨ ਬਚਨ ਕਰਮ ਕਰਕੇ ਮੀਠਾ ਲਗਿਆ ਹੈ। ਓਹਨਾਂ ਦੇ ਮਨ ਵਿਚਿ ਭੀ ਅਤੇ ਤਨ ਵਿਚਿ ਭੀ ਇਕ ਅਗੰਮੀ ਅਕਹਿ ਅੰਮ੍ਰਿਤ ਰਸ ਦੀ ਮਿਠਾਸ ਭਰ ਗਈ ਹੈ। ਜਿਨ੍ਹਾਂ ਨੇ ਅਜਿਹੀ ਬਿਸਮ-ਹੁਲਾਮੀ ਮਿਠਾਸ ਵਾਲਾ ਰਸ ਪਾਇਆ ਹੈ, ਤਿਨ੍ਹਾਂ ਨੇ ਇਹ ਹਰਿ ਰਸ ਪਾ ਕੇ ਹੋਰ ਤੋਂ



www.AKJ.Org

ਹੋਰ ਬਿਸਮ-ਰੰਗਾਂ ਵਿਚਿ ਗੁਰਮਤਿ ਨਾਮ ਨੂੰ ਧਿਆਇਆ ਹੈ। ਤਿਨ੍ਹਾਂ ਦੇ ਅੱਤ ਪੁਰਾਣੇ ਭਾਗ ਲੇਖ ਮਸਤਕ ਤੇ ਲਿਖਿਆਂ ਦਾ ਇਹ ਅੰਕੂਰ ਸੁਫੁਟ ਹੋ ਕੇ ਜ਼ਹੂਰ ਵਿਚਿ ਆਇਆ ਹੈ, ਜਿਨ੍ਹਾਂ ਉਤੇ ਉਪਰ ਦਸੀ ਨਾਮ ਧਿਆਵਨ ਦੇ ਪ੍ਰੇਮ ਰੰਗਾਂ ਵਾਲੀ ਬਰਕਤ ਨਾਜ਼ਲ ਹੋਈ ਹੈ। ਪ੍ਰੇਮ ਰੰਗਾਂ ਵਿਚਿ ਨਾਮ ਧਿਆਵਨ ਦੀ ਅਮਰੀ ਨੇਅਮਤ ਜਿਨ੍ਹਾਂ ਨੂੰ ਨਸੀਬ ਹੋਈ ਹੈ, ਧੁਰਿ ਮਸਤਕਿ ਲਿਖੇ ਭਾਗ ਉਦੇ ਹੋਣ ਕਰਕੇ ਪ੍ਰੇਮ ਰੰਗੀ ਨਾਮ ਦਾ ਗਹਿਣਾ ਪਹਿਨਣਾ ਅਤੇ ਨਾਮ ਗਹਿਣਗਤੀ ਪਰਮਾਰਥੀ ਸੋਹਾਗ ਪ੍ਰਾਪਤਿ ਹੋਇਆ। ਇਸ ਨਵਲ-ਨਵੇਲੇ ਨਾਮ ਰੰਗੀਲੇ ਸੋਹਾਗ ਭਾਗ ਦੇ ਪ੍ਰੇਮ ਰੰਗਾਂ ਵਿਚਿ ਰੱਤ ਕੇ ਅਤੇ ਅਮਿਉ ਮਖ਼ਮੂਰੀ ਨਾਮ ਵਿਚ ਨੂਰੱਤ ਕੇ ਜੋ ਹਰਿ ਗੁਣਾਂ ਨੂੰ ਗਾਇਨ ਕੀਤਾ, ਹਰਿ ਕੀਰਤਨ ਨੂੰ ਰਸ ਰਸਾਇਣ ਕੀਤਾ ਤਾਂ ਹਰਿ ਗੁਣ ਗਾਵਣਹਾਰੇ ਕੀਰਤਨੀਆਂ ਗੁਰਮੁਖਾਂ ਪ੍ਰੇਮੀਆਂ, ਪ੍ਰੇਮ ਸੋਹਾਗਨੀਆਂ ਦੇ ਮਸਤਕ ਉਤੇ ਜੋ ਨੂਰ ਮਣੀ ਪ੍ਰਗਟੀ ਉਸਨੇ ਪ੍ਰਿਆ ਪ੍ਰੀਤਮ ਦੀ ਸੋਹਾਗ-ਪ੍ਰੀਤਿ ਨੂੰ ਸੋਹਾਗਵੰਤੀਆਂ ਦੇ ਨੂਰਮਣੀਏ ਮੱਥੇ ਤੇ ਹੀ ਉਜਲਾਇ ਦਿੱਤਾ। ਸੋਹਾਗ ਭਾਗ ਰੰਗ ਰਤੜੀਆਂ ਗੁਰਮਖਿ ਜਨੀਆਂ ਗੁੱਝੀਆਂ ਨਾ ਰਹੀਆਂ। ਇਹ ਪ੍ਰੀਤਿ ਨੂਰ ਕਣੀ ਐਸੀ ਉਮ੍ਹਲ ਉਮ੍ਹਲ ਕੇ ਬਹੁਤੀ ਜੋਤਿ ਤੇਜਸੀ ਝਲਕਾਰ ਵਿਚਿ ਆਸ਼ਕਾਰ ਹੋਈ ਕਿ ਉਸ ਦੀ ਝਾਲ ਠੱਲੀ ਨਾ ਗਈ ਦੇਖਣਹਾਰਿਆਂ ਤੋਂ। ਪ੍ਰੰਤੂ ਝਾਲ ਝਲਣਹਾਰੇ ਜਰਨ ਜਰੀਆਰੇ ਕੀਰਤਨੀ ਜਨਾਂ ਨੇ ਹਾਲ-ਮਸਤ ਹੋ ਕੇ ਹੋਰ ਭੀ ਪ੍ਰੇਮ-ਤ੍ਰੰਗੀ ਜ਼ੋਰਾਂ ਵਿਚਿ, ਪਰ ਹੁਸ਼ਿਆਰ ਮਸਤੀ ਵਿਚਿ ਬਾਹਲਾ ਬਾਹਲਾ ਕੀਰਤਨ ਕੀਤਾ, ਹਰੀ ਗੁਣਾ ਪ੍ਰੀਤਮ ਪਿਆਰੇ ਪਰਮਾਤਮਾ ਦੇ ਜਸ ਨੂੰ ਗਾਵਿਆ, ਜਿਸ ਹਰਿ ਗੁਣ ਗਾਵਣੀਆਰੇ ਗੁਰਮੁਖ ਜਨਾਂ ਦੇ ਅਮਿਉ ਰਸਾਇਣੀ ਮੁਖੜਿਆਂ ਦੀ ਸੋਭਾ ਦੇਖੀ ਹੀ ਪਰਵਾਣ ਹੈ। ਕਥੀ ਨਹੀਂ ਜਾ ਸਕਦੀ। ਨਾਮ ਦੇ ਜੋਤਿ ਰੰਗੀ ਰਸਾਂ ਦੇ ਰਸਕ ਵੈਰਾਗੀ ਕੀਰਤਨੀਏ ਪ੍ਰੇਮ-ਅਨੁਰਾਗ ਦੇ ਸੁਹਾਗ ਵਿਚਿ ਰੰਗ ਰੱਤੇ ਹੀ ਸੋਹੰਦੇ ਹਨ। ਕੀਰਤਨ ਰੱਤੀਏਸ਼ਰਾਂ ਦੀ ਆਤਮ-ਜੋਤਿ ਵਾਹਿਗੁਰੂ ਦੇ ਪਰਮਾਤਮਾ ਜੋਤਿ ਵਿਚਿ ਰਲ ਮਿਲ ਕੇ ਘੁਲਿ ਮਿਲ ਘਿਚ ਹੋ ਗਈ। ਪ੍ਰੰਤੂ ਪਰਮਾਤਮਾ ਨੂੰ ਪਾਉਣ ਦੀ ਪ੍ਰਭੂ-ਪ੍ਰਾਪਤੀ ਦੀ ਇਹ ਇਕ ਅਨੂਠੀ ਬਿਵਸਥਾ ਹੈ। ਪ੍ਰੰਤੂ ਜੋਤਿ ਰਸਿ ਮਿਲਿ ਘੁਲਿ-ਘਿੱਚੀਏ ਪ੍ਰੇਮੀ ਜਨ ਅਜੇ ਭੀ ਪ੍ਰੇਮਾ-ਭਗਤੀ ਵਿਚਿ ਘਾਇਲ ਰਹਿੰਦੇ ਹਨ ਉਹਨਾਂ ਨੂੰ ਪਰਮਾਰਥ-ਪ੍ਰਾਪਤੀ ਵਾਲੀ ਸੂਖਸ਼ਮ ਅਹੰਮਤੀ ਗੱਲ ਖ਼ਿਆਲ ਮਾਤਰ ਭੀ ਸਫੁਰਨ ਨਹੀਂ ਹੁੰਦੀ। ਓਹਨਾਂ ਦਾ ਮਨ ਤਾਂ ਸਤਿਗੁਰੂ ਦੇ ਹੁਕਮੀ ਬੰਦੇ ਪ੍ਰੇਮ ਪਲੰਦੇ ਬਣੇ ਰਹਿਣ ਵਿਚਿ ਹੀ ਪਤੀਜਿਆ ਰਹਿੰਦਾ ਹੈ। ਓਹ ਤਾਂ ਹਰੀ ਕੀਰਤਨ ਦੇ ਪਰਮ-ਪਦੀ ਰਸ ਵਿਚਿ ਹੀ ਮਹਿਵ ਤੇ ਮਖ਼ਮੂਰ ਰਹਿੰਦੇ ਹਨ। ਤਿਨ੍ਹਾਂ ਨੂੰ ਜੋ ਹਰਿ ਕੀਰਤਨ ਦੀ ਪਰਮ ਗਤੀ ਦਾ ਸਦਕਾ ਵਾਹਿਗੁਰੂ ਦੇ ਨਾਮ ਦੀ ਮਿਠਾਸ ਮਨ ਵਿਚਿ ਭੀ ਅਤੇ ਤਨ ਵਿਚਿ ਭੀ ਰੋਮ ਰੋਮ ਅੰਦਰਿ ਭਰਪੂਰ ਲੀਣੀ ਹੋਈ ਹੈ, ਓਹ ਓਹਨਾਂ ਦੀ ਸੁਰਤੀ ਨੂੰ ਦੂਜੇ ਪਾਸੇ ਹਿਲਣ ਹੀ ਨਹੀਂ ਦਿੰਦੀ।

ਭਣਤਿ ਨਾਨਕ ਬੁਝੈ ਕੋ ਬੀਚਾਰੀ॥ ਇਸੁ ਜਗ ਮਹਿ ਕਰਣੀ ਸਾਰੀ॥
ਕਰਣੀ ਕੀਰਤਿ ਹੋਈ॥ ਜਾ ਆਪੇ ਮਿਲਿਆ ਸੋਈ॥੪॥੧॥੧੨॥ (ਸੋਰਠਿ ਮ: ੧, ਪੰਨਹ ੫੯੯)

ਵਿਆਖਿਆ :- ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਜੋ ਤੱਤ ਸਾਰ ਕਰਣੀ ਹੈ, ਇਸ ਜਗਤ ਵਿਖੇ ਸਾਰੇ ਕਰਮਾਂ ਵਿਚੋਂ ਜੋ ਸਭ ਤੋਂ ਸ੍ਰੇਸ਼ਟ ਕਰਣੀ ਹੈ, ਕੋਈ ਵਿਰਲਾ ਗੁਰਮੁਖ ਜਨ ਹੀ ਬੁਝਦਾ ਹੈ। ਕਿਸੇ ਵਿਰਲੇ ਗੁਰਮੁਖਿ ਜਨ ਨੂੰ ਹੀ ਇਸ ਸਾਰ-ਕਰਣੀ ਦੀ ਸੂਝ ਬੂਝ ਆਉਂਦੀ ਹੈ। ਨਹੀਂ ਤਾਂ ਆਮ ਸੰਸਾਰੀ ਲੋਗਾਂ ਨੂੰ ਸਮੁੱਚੇ ਤੌਰ ਤੇ ਉੱਕਾ ਹੀ ਪਤਾ ਨਹੀਂ ਲਗਦਾ ਕਿ ਇਹ ਸਾਰ-ਕਰਣੀ ਕਿਹੜੀ ਹੈ। ਅਗਲੀ ਤੁਕ ਵਿਖੇ ਗੁਰੂ ਸਾਹਿਬ ਸਪਸ਼ਟ ਕਰਦੇ ਹਨ ਕਿ ਇਹ ਸਾਰ ਕਰਣੀ ਕੀਰਤਨ ਸਿਫਤਿ ਸਾਲਾਹ ਰੂਪ ਹਰੀ ਜਸੁ ਹੀ ਹੈ, ਜੋ ਸਾਲਾਹੀ ਵਾਹਿਗੁਰੂ ਦੀ ਆਪਣੀ ਪਰਮ ਕਿਰਪਾ ਦੁਆਰਾ ਹੀ ਪ੍ਰਾਪਤਿ ਹੁੰਦਾ ਹੈ। ਖ਼ਾਸ ਵਰੋਸਾਏ ਗੁਰਮੁਖ ਜਨ ਨੂੰ ਹੀ ਮਿਲਦਾ ਹੈ।

ਕਰਣੀ ਕੀਰਤਿ ਗੁਰਮਤਿ ਸਾਰੁ॥ ਸੰਤ ਸਭਾ ਗੁਣ ਗਿਆਨੁ ਬੀਚਾਰੁ॥
ਮਨੁ ਮਾਰੇ ਜੀਵਤ ਮਰਿ ਜਾਣੁ॥ ਨਾਨਕ ਨਦਰੀ ਨਦਰਿ ਪਛਾਣੁ॥੮॥੩॥
(ਪ੍ਰਭਾਤੀ ਮ: ੧, ਪੰਨਾ ੧੩੪੩)


www.AKJ.Org

ਭਾਵ ਅਰਥ :- ਗੁਰਮਤਿ ਅਨੁਸਾਰ ਸਾਰੇ ਕਰਮਾਂ ਵਿਚੋਂ, ਸਾਰੀਆਂ ਕਰਣੀਆਂ ਵਿਚੋਂ ਸਾਰ (ਸਭ ਤੋਂ ਸ੍ਰੇਸ਼ਟ) ਕਰਣੀ ਕੇਵਲ ਕੀਰਤਨ ਹਰੀ ਜਸ ਹੀ ਹੈ। ਗੁਰੂ ਘਰ ਦੀ ਸੱਚੀ ਸਤਿਸੰਗਤ ਰੂਪੀ ਸਭਾ ਅੰਦਰਿ ਕਮਾਉਣ ਵੀਚਾਰਾਂ ਸਿਰਿ ਵੀਚਾਰੁ ਗਿਆਨਾਂ ਸਿਰਿ ਗਿਆਨ ਇਹੋ ਕੀਰਤਿ ਕਰਣੀ ਹੀ ਹੈ। ਇਸ ਕੀਰਤ-ਕਰਣੀ ਦੇ ਕਮਾਉਣ ਕਰਿ ਹੀ ਕਮਾਉਣਹਾਰੇ ਦਾ ਮਨ-ਮਰਦਾ ਹੈ, ਹੋਰ ਕਿਸੇ ਕਰਣੀ ਦੁਆਰਾ ਨਹੀਂ ਮਰਦਾ। ਜਿਸ ਨੇ ਕੀਰਤ-ਕਰਣੀ ਦੀ ਕਮਾਈ ਕਰਿ ਕਰਿ ਮਨ ਨੂੰ ਮਾਰਿ ਲਇਆ, ਉਹ ਜੀਵਨ-ਮੁਕਤ ਹੋ ਗਿਆ ਹੈ। ਨਦਰੀ ਨਦਰਿ ਨਿਹਾਲੀਏ ਵਾਹਿਗੁਰੂ ਦੀ ਖਾਸ ਨਦਰ ਜਿਸ ਜਨ ਉਤੇ ਹੋਵੇ, ਉਹੀ ਇਸ ਕਰਣੀ ਕੀਰਤਿ ਨੂੰ ਪਛਾਣਦਾ ਹੈ। ਹੋਰ ਕੋਈ ਨਹੀਂ ਜਾਣਦਾ।

ਕਰਣੀ ਕਾਰ ਧੁਰਹੁ ਫੁਰਮਾਈ॥ ਬਿਨੁ ਸਬਦੈ ਕੋ ਥਾਇ ਨ ਪਾਈ॥
ਕਰਣੀ ਕੀਰਤਿ ਨਾਮੁ ਵਸਾਈ॥ ਆਪੇ ਦੇਵੈ ਢਿਲ ਨ ਪਾਈ॥੨॥

(੪॥੭॥੪੬) ਆਸਾ ਮ: ੩, ਪੰਨਾ ੩੬੩)

ਭਾਵ:- ਕਰਨ ਯੋਗ ਸੱਚੀ ਕਰਣੀ ਵਾਲੀ ਜੋ ਕਾਰ ਹੈ ਸੋ ਧੁਰੋਂ ਦਰਗਾਹੋਂ ਅਕਾਲ ਪੁਰਖ ਦੀ ਸੱਚੀ ਦਾਰਗਾਹ ਤੋਂ ਹੀ ਮਨਜ਼ੂਰ ਸ਼ੁਦਾ ਹੈ। ਇਹ ਧੁਰਿ ਅਕਾਲੀ ਹੁਕਮ ਦੁਆਰਾ ਫ਼ੈਸਲਾ ਹੈ ਕਿ ਗੁਰ ਸ਼ਬਦ ਦੀ ਸੱਚੀ ਅਭਿਆਸ ਕਮਾਈ ਕਰਣੀ ਬਿਨਾਂ ਹੋਰ ਕੋਈ ਥਾਂਇ ਨਹੀਂ ਪੈਂਦੀ। ਹਰਿ ਦਰਗਾਹ ਅੰਦਰਿ ਕਬੂਲ ਨਹੀਂ ਪੈਂਦੀ। ਨਾ ਹੀ ਗੁਰ ਸ਼ਬਦ ਦੀ ਅਭਿਆਸ ਕਮਾਈ ਰੂਪੀ ਕਰਨੀ-ਕਰਨੀਹਾਰੇ ਬਿਨਾਂ ਕੋਈ ਹੋਰ ਕਰਮ ਕਾਂਡ ਦੇ ਕਰਨਹਾਰਾ ਥਾਂਇ ਪੈਂਦਾ ਹੈ। ਹਰਿ ਦਰਗਾਹਿ ਕਬੂਲ ਪੈਂਦਾ ਹੈ। ਬਸ, ਸਭ ਤੋਂ ਸਾਰ (ਸ੍ਰੇਸ਼ਟ) ਕਰਣੀ ਹਰ ਕੀਰਤਨ ਹੀ ਹੈ। ਇਹ ਹਰੀ ਕੀਰਤਨ ਰੂਪੀ ਸੱਚੀ ਕਰਣੀ ਨਾਮ ਨੂੰ ਦ੍ਰਿੜ੍ਹਾਉਂਦੀ ਹੈ, ਮਨ ਵਿਖੇ ਵਸਾਉਂਦੀ ਧਸਾਉਂਦੀ ਹੈ। ਜਿਸ ਵਡਿਭਾਗੇ ਜਨ ਨੂੰ ਇਸ ਕਰਣੀ-ਕੀਰਤ ਦੀ ਦਾਤਿ ਆਪਿ ਦਾਤਾਰ ਵਾਹਿਗੁਰੂ ਕਰਤਾਰ ਬਖਸ਼ੇ, ਤਿਸ ਨੂੰ ਬਖਸ਼ਸ਼ ਕਰਦਿਆਂ, ਕਰਣੀ-ਕੀਰਤਿ ਦੀ ਦਾਤਿ ਦਿੰਦਿਆਂ ਢਿਲ ਨਹੀਂ ਲਾਉਂਦਾ। ਤਾਂਤੇ ਗੁਰਮਤਿ ਅਨੁਸਾਰ ਕਰਮਨ ਸਿਰ ਕਰਮ ਅਤੇ ਕਰਣੀਆਂ ਸਿਰਿ ਕਰਣੀ ਇਹੀ ਮੁਖ ਸ੍ਰੇਸ਼ਟ ਹਰਿ ਕੀਰਤਨ ਹੀ ਹੈ। ਹੋਰ ਆਨਮਤਿ ਕਰਣੀ ਤਿਸ ਦੇ ਲਵੇ ਨਹੀਂ ਲਗ ਸਕਦੀ। ਇਸ ਲਈ ਸਾਰ ਕਰਣੀ ਨੂੰ ਛਡ ਕੇ ਹੋਰ ਕਰਣੀ ਵਿਚਿ ਪਰਵਿਰਤ ਹੋਣਾ ਉਚਿਤ ਨਹੀਂ।

(ਚਲਦਾ)

(ਪੰਨਾ ੩੩ ਦਾ ਬਾਕੀ ...)

Ultimately virtues Divine alone provide enduring support and succour to the individual soul and bring honour in court Divine.

Wordliness leads to endless desires and restlessness of mind while Godliness leads to merger with the Lord's identity. Evil company and slander must be avoided as the serious obstacles to Godliness. Evil doing leads to more and more evil, while self effacement and killing of self ego leads to riddance from self-pride, attachments, desires of greed, evil company and slander. Holy company gives Divine-Wisdom, Gurmat, and promotes Godliness.

Without the life objective of God-realization, life goes waste. One has to take care about the genuiness of the holy one to avoid geing taken in by a fake one, that will bring harm than good. One must not be self conceited ot give credit to self and regard all good to be gift of the Divine. Self realization must precede preaching to be of any use. Acid tests of divinity is that it induces love for Divine in others.

Mere garb does not save from worldliness and self-seeking, while the genuine saintliness is selfsacrificing and a state of blissful equipoise.

(To be Continued)



www.AKJ.Org

## ਅਖੰਡ ਕੀਰਤਨੀ ਜੱਥੇ ਨਾਲ ਸੰਬੰਧਿਤ ਸਿੰਘ-ਸਿੰਘਣੀਆਂ ਦੇ ਵਿਚਾਰਣ ਯੋਗ ਕੁਝ ਗੱਲਾਂ

* ਕੀ ਤੁਹਾਡੀ ਕਿਰਪਾਨ ਨੂੰ ਜੰਗ ਤਾਂ ਨਹੀਂ ਲੱਗਿਆ, ਕੀ ਤੁਹਾਡਾ ਗਾਤਰਾ ਸਾਫ ਸੁਥਰਾ ਤੇ ਦਰਸ਼ਨੀ ਹੈ?
* ਕੁਝ ਛਕਣ ਤੋਂ ਬਾਦ ਬਿਨਾ ਹੱਥ ਸੁੱਚੇ ਕੀਤੇ ਕੀ ਤੁਸੀਂ ਜੂਠੇ ਹੱਥ ਦਸਤਾਰ ਜਾਂ ਕੇਸਾਂ ਨੂੰ ਤਾਂ ਨਹੀਂ ਲਗਾਉਂਦੇ ?
* ਕੇਸ ਕੰਘਾ ਕਰਨ ਮਗਰੋਂ ਝੜੇ ਹੋਏ ਕੇਸਾਂ ਨੂੰ ਸੰਭਾਲਣ ਲਈ ਕੀ ਤੁਸੀਂ ਇੰਤਜਾਮ ਕੀਤਾ ਹੈ?
* ਕੀ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਬਨਿਆਨ ਅਤੇ ਛੋਟੀ ਕੇਸਕੀ ਨਾਲ ਤਾਂ ਹਾਜਰੀ ਨਹੀਂ ਭਰਦੇ ?
* ਘਰ ਵਿਚ ਕੋਈ ਪ੍ਰਾਣੀ ਭੂਮ-ਆਸਣ ਬੈਠ ਕੇ ਪਾਠ ਕਰ ਰਿਹਾ ਹੋਵੇ ਤਾਂ ਘਰ ਦਾ ਕੋਈ ਪ੍ਰਾਣੀ ਉਸ ਨਾਲੋਂ ਉੱਚੀ ਥਾਂ ਤਾਂ ਨਹੀਂ ਬੈਠਾ ਹੁੰਦਾ ?
* ਕੀ ਤੁਸੀਂ ਨੜੀਮਾਰ (ਬੀੜੀ ਸਿਗਰੇਟ ਪੀਣ ਵਾਲਾ) ਅਤੇ ਹੋਰ ਬੇਅੰਮ੍ਰਿਤੀਆਂ ਦੇ ਹੱਥ ਦੇ ਤਿਆਰ ਕੀਤੇ ਪਕਵਾਨ ਤਾਂ ਨਹੀਂ ਛਕਦੇ ?
* ਜੇਕਰ ਤੁਹਾਨੂੰ ਆਪਣੇ ਘਰ ਚਾਰ-ਪੰਜ ਸਰਬਲੋਹੀ ਸਿੰਘਾਂ ਨੂੰ ਪ੍ਰਸ਼ਾਦਾ ਛਕਾਉਣਾ ਪੈ ਜਾਵੇ ਤਾਂ ਕੀ ਤੁਹਾਡੇ ਘਰ ਵਿਚ ਸਰਬਲੋਹ ਦੇ ਬਰਤਨ ਹੋਣਗੇ (ਬਰਤਨ ਵੀ ਚਾਂਦੀ ਵਾਂਗ ਚਮਕਦਾਰ, ਨਾ ਕਿ ਜੰਗ ਦੇ ਮਾਰੇ ਹੋਏ)?
* ਕੀ ਤੁਸੀਂ ਲੰਗਰ ਸਜਾਉਣ ਲੱਗਿਆਂ ਗੱਲਾ ਗੱਪਾਂ ਤੇ ਨਹੀਂ ਮਾਰ ਰਹੇ ਹੁੰਦੇ ?
* ਕੀਰਤਨ ਦੇ ਦੌਰਾਨ 'ਵਾਹਿਗੁਰੂ' ਸ਼ਬਦ ਦੀ ਧੁਨੀ ਲਗਾਉਂਦਿਆਂ ਕੀ ਅਸੀਂ ਇਹ ਧਿਆਨ ਦੇਂਦੇ ਹਾਂ ਕਿ ਇਹ ਸਰੋਤੇ ਜਨਾਂ (ਸਾਧ ਸੰਗਤ) ਨੂੰ ਸਪਸ਼ਟ ਸੁਣਾਈ ਦੇ ਰਿਹਾ ਹੋਵੇਗਾ ਜਾਂ ਨਹੀਂ?
* ਕੀਰਤਨ ਦੇ ਦੌਰਾਨ ਜੋ ਪ੍ਰਮਾਣ ਅਸੀਂ ਦੇ ਰਹੇ ਹੁੰਦੇ ਹਾਂ, ਕੀ ਉਸ ਸ਼ਬਦ ਦੇ ਭਾਵ ਨਾਲ ਮੇਲ ਖਾਂਦਾ ਹੈ ਜਾਂ ਅੱਖਰ ਨਾਲ ਅੱਖਰ ਮਿਲਾਕੇ ਤੇ ਨਹੀਂ ਦੇਈ ਜਾ ਰਹੇ ਹੁੰਦੇ ?
* ਕੀਰਤਨ ਕਰਨ ਲੱਗਿਆਂ ਪੋਥੀਆਂ ਦੇ ਪੱਤਰੇ ਬੇਅਦਬੀ ਨਾਲ ਤਾਂ ਨਹੀਂ ਪਰਤਦੇ, ਕੀ ਪੋਥੀ ਰੱਖਣ ਲਈ ਰੇਹਲ ਜਾਂ ਚੌਂਕੀ ਦਾ ਪ੍ਰਬੰਧ ਕੀਤਾ ਹੈ ? ਪੋਥੀ ਰੱਖਣ ਲਈ ਉਸ ਥੱਲੇ ਸੋਹਣੇ ਢੰਗ ਨਾਲ ਕੋਈ ਰੁਮਾਲਾ ਜਾਂ ਕਪੜਾ ਵਿਛਾ ਕੇ ਰੱਖਦੇ ਹਾਂ ਜਾਂ ਉਝ ਹੀ ਰੱਖ ਦਿੰਦੇ ਹਾਂ ?
* ਕੀਰਤਨ ਕਰਨ ਲੱਗਿਆਂ ਗੁਰੂ ਮਹਾਰਾਜ ਦੀ ਸਟੇਜ ਤੇ ਕੀ ਸਾਡੀਆਂ ਦਸਤਾਰਾਂ ਦੇ ਰੰਗ ਗੁਰਮੁਖੀ ਰੰਗਾਂ (ਨੀਲਾ, ਕਾਲਾ, ਸਫੇਦ ਤੇ ਕੇਸਰੀ) ਅਨੁਸਾਰ ਅਤੇ ਬਸਤਰ ਵੀ ਬਿਲਕੁਲ ਸਾਦੇ ਹੁੰਦੇ ਹਨ ਜਾਂ ਚਟਕ-ਮਟਕ ਵਾਲੇ ਪੈਂਟ-ਬੁਸ਼ਟ ਹੁੰਦੇ ਹਨ, ਬੀਬੀਆਂ ਦੇ ਬਸਤਰ ਮੌਜੂਦਾ ਦੁਨਿਆਵੀ ਫੈਸ਼ਨ ਅਨੁਸਾਰ ਤਾਂ ਨਹੀਂ ਹੁੰਦੇ ?
* ਕੀ ਸਾਡੇ ਕੀਰਤਨ ਕਰਨ ਵਾਲੇ ਸਾਜ ਦਰਸ਼ਨੀ ਅਤੇ ਸਾਫ-ਸੁਥਰੇ ਹਨ, (ਜੋੜੀ ਢਿੱਲੀ ਹੋਣ ਤੇ ਉਸ ਵਿਚ ਲੱਕੜਾਂ ਤਾਂ ਨਹੀਂ ਫਸਾਈਆਂ ਹੋਈਆਂ, ਵਾਜਾ ਬੇਸੁਰਾ ਅਤੇ ਉਸ ਉੱਤੇ ਮੈਲ ਤਾਂ ਨਹੀਂ ਜੰਮੀਂ ਹੋਈ, ਖੜਤਾਲਾਂ ਟੁੱਟੀਆਂ-ਭੱਜੀਆਂ ਤਾਂ ਨਹੀਂ), ਵਾਜੇ ਅਤੇ ਜੋੜੀ ਤੇ ਬਸਤਰ ਵੀ ਸਾਫ ਹਨ ਕਿ ਨਹੀਂ?
* ਜਦੋਂ ਅਸੀਂ ਕੀਰਤਨ ਕਰ ਰਹੇ ਹੁੰਦੇ ਹਾਂ ਤਾਂ ਅਸੀਂ ਚਾਹੁੰਦੇ ਹਾਂ ਕਿ ਸਟੇਜ ਤੇ ਸਾਡੇ ਨਾਲ ਬੈਠੇ ਹੋਇ ਪ੍ਰੇਮੀ, ਸੰਗੀ-ਸਾਥੀ ਉੱਚੀ ਆਵਾਜ ਵਿਚ ਸਾਡੇ ਨਾਲ ਗੱਜ-ਵੱਜ ਕੇ ਬੋਲਣ ਪਰ ਕੀ ਦੂਜਿਆਂ ਦੀ ਵਾਰੀ ਅਸੀਂ ਵੀ ਉਹਨਾਂ ਨਾਲ ਰਲ ਕੇ ਬੋਲਦੇ ਹਾਂ ?
* ਕੀ ਸਾਨੂੰ ਕੀਰਤਨ ਸੁਨਾਉਣ ਦਾ ਸ਼ੌਕ ਹੈ ਜਾਂ ਕਰਨ ਦਾ ?
* ਪਾਠ ਜਾਂ ਅਖੰਡਪਾਠ ਦੀ ਸੇਵਾ ਨਿਭਾਉਂਦਿਆਂ ਕੀ ਅਸੀਂ ਇਹ ਸੋਚਦੇ ਹਾਂ ਕਿ ਪਾਠ ਦੇ ਇਕ-ਇਕ ਅੱਖਰ ਦਾ ਉਚਾਰਣ ਸ਼ੁੱਧ ਅਤੇ ਸਪਸ਼ਟ ਕਰੀਏ ਤਾਂ ਕਿ ਸਰੋਤੇ ਜਨਾਂ ਨੂੰ ਸਪਸ਼ਟ ਸੁਣਾਈ ਦੇਵੇ?
* ਕੀ ਸਾਰੀ ਦੁਨੀਆਂ ਵਾਂਗ ਆਪਣੀ ਬੱਚੀ ਦੇ ਲਾਵਾਂ ਦਾ ਸੂਟ ਗੁਲਾਬੀ, ਲਾਲ ਜਾਂ ਸਗਨਾਂ ਵਾਲੇ ਰੰਗਾਂ ਵਿਚ ਤੁਸੀਂ ਵੀ ਵਿਸ਼ਵਾਸ਼ ਤਾਂ ਨਹੀਂ ਕਰਦੇ ?


www.AKJ.Org

* ਕੀ ਸਾਡੀਆਂ ਭੈਣਾਂ ਨੂੰ ਵੀ ਦੁਨੀਆਂ ਵਾਂਗ ਉੱਚੀ ਹੀਲ ਵਾਲੇ ਸੈਂਡਲ, ਨੌਂਹ ਵਧਾਉਣੇ, ਨੇਲ ਪਾਲਿਸ਼, ਲਿਪਸਟਿਕ, ਚੂੜੀਆਂ, ਗਹਿਣੇ (ਕਲੀਚੜੀਆਂ, ਮੁੰਦਰੀਆਂ, ਕਾਂਟੇ ਅਤੇ ਚੇਨਾਂ) ਆਦਿ ਪਹਿਨਣ ਦਾ ਝੱਸ ਤਾਂ ਨਹੀਂ ਚੜ੍ਹਿਆ ਰਹਿੰਦਾ?
* ਕੀ ਨਿਤ ਨਵੇਂ ਬਦਲਦੇ ਫੈਸ਼ਨ ਅਨੁਸਾਰ ਹੀ ਕਪੜੇ ਖਰੀਦ ਕੇ ਨਵੇਂ ਡਿਜ਼ਾਇਨ ਦੀ ਸਿਲਾਈ ਕਢਾਈ ਕਰਾਉਣ ਵਿਚ ਤਾਂ ਤੁਹਾਡਾ ਮਨ ਨਹੀਂ ਉਲਝਿਆ ਰਹਿੰਦਾ ? (ਕਦੇ ਚੂੜੀਦਾਰ ਪਜਾਮੀ, ਕਦੇ ਸਲਵਾਰ ਦਾ ਪੌਂਚਾ ਖੁੱਲ੍ਹਾ- ਕਦੇ ਤੰਗ, ਕਦੇ ਸੂਟ ਲੰਬਾ- ਕਦੇ ਛੋਟਾ, ਕਦੇ ਤੰਗ- ਕਦੇ ਖੁਲ੍ਹਾ, ਕਦੇ ਅੱਗੇ ਕਟ- ਕਦੇ ਪਿੱਛੇ, ਕਦੇ ਕਨਟਰਾਸਟ ਰੰਗ ਦਾ ਸੂਟ-ਕਦੇ ਦੋ ਰੰਗਾ, ਕਦੇ ਸੂਟ ਤੇ ਬਟਨ- ਕਦੇ ਅੱਗੇ ਕਢਾਈ- ਕਦੇ ਪਿਛੇ, ਕਦੇ ਸੂਟ ਇਤਨਾ ਪਤਲਾ ਕਿ ਥੱਲੇ ਦੂਜਾ ਕਪੜਾ ਲਗਾਣਾ ਪਵੇ ਆਦਿ।) ਸਾਡਾ ਮਨ ਕਿਤੇ ਆ ਟਿਕੇਗਾ ਵੀ ਜਾਂ ਨਹੀਂ? ਕੀ ਉਹ ਬੱਚੀਆਂ ਧੰਨਤਾ ਯੋਗ ਨਹੀਂ ਜਿਹੜੀਆਂ ਇਨ੍ਹਾਂ ਚੰਚਲਤਾਈਆਂ ਤੋਂ ਬੱਚ ਗਈਆਂ ਹਨ ? ਕੀ ਉਹ ਅੰਤਰ ਆਤਮੇ ਨਮਸਕਾਰ ਯੋਗ ਨਹੀਂ ?
* ਕੀ ਤੁਸੀਂ ਆਪਣੇ ਸਗੇ-ਸੰਬੰਧੀਆਂ, ਯਾਰਾਂ ਦੋਸਤਾਂ ਦੇ ਵਿਆਹ-ਸ਼ਾਦੀਆਂ ਅਤੇ ਪਾਰਟੀਆਂ ਵਿਚ ਹੋਰ ਦੁਨੀਆਂ ਵਾਂਗ ਭੰਗੜਾ ਆਦਿ ਤਾਂ ਨਹੀਂ ਪਾਉਂਦੇ ?
* ਕੀ ਤੁਸੀਂ ਆਪਣੇ ਬੱਚਿਆਂ ਨੂੰ ਛੋਟੇ ਨਾਮ (ਸੋਨੂੰ, ਮੋਨੂੰ, ਨੈਨਸੀ ਮੀਨੂੰ ਆਦਿ) ਨਾਲ ਤਾਂ ਨਹੀਂ ਪੁਕਾਰਦੇ ?
* ***ਅਖੰਡ ਕੀਰਤਨੀ ਜੱਥੇ ਦੇ ਸਿੰਘਾਂ ਅਤੇ ਸਿੰਘਣੀਆਂ ਨੂੰ ਅੱਜ ਪੂਰੇ ਪੰਥ ਵਿਚ ਇਕ ਸਤਿਕਾਰ ਯੋਗ ਨਿਗਾਹ ਨਾਲ ਦੇਖਿਆ ਜਾਂਦਾ ਹੈ, ਕੀ ਅਸੀਂ ਇਸਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ ਕਰ ਰਹੇ ਹਾਂ ?***


**ਖਾਲਸੇ ਦੇ 300 ਸਾਲਾ ਸਾਜਨਾ ਵਰੇ ਨੂੰ ਸਮਰਪਿਤ ਸੂਰਾ ਮਾਸਿਕ ਪੱਤਰ ਵੱਲੋਂ ਆਪ ਜੀ ਦੇ ਮਿੱਤਰਾਂ ਸਨੇਹੀਆਂ ਲਈ ਖਾਸ ਤੋਹਫ਼ਾ ਬਿਲਕੁਲ ਮੁਫ਼ਤ**

ਗੁਰਮਤਿ ਪ੍ਰਚਾਰ ਦੀ ਮੁਹਿੰਮ ਨੂੰ ਹੱਲਾਸ਼ੇਰੀ ਦੇਣ ਲਈ ਜਨਵਰੀ ਮਹੀਨੇ ਵਿਚ ਸ਼ੁਰੂ ਕੀਤੀ ਸਕੀਮ ਨੂੰ ਪਾਠਕਾਂ ਦੇ ਹੁੰਗਾਰੇ ਨੂੰ ਵੇਖਦਿਆਂ ਤੇ ਪਾਠਕਾਂ ਦੀ ਮੰਗ ਤੇ ਵਿਸਾਖੀ ੨੦੦੦ ਤੱਕ ਵਧਾ ਦਿਤਾ ਗਿਆ ਹੈ। ਵੈਸਾਖੀ ਤੱਕ ਸੂਰਾ ਦੇ ਬਣਨ ਵਾਲੇ ਨਵੇਂ ਮੈਂਬਰਾਂ ਨੂੰ ਸਿਰਫ਼ ਇਕ ਸਾਲ ਦੇ ਚੰਦੇ ਵਿਚ ਹੀ ਦੋ ਥਾਂ ਇਕ ਸਾਲ ਲਈ ਸੂਰਾ ਭੇਜਿਆ ਜਾਵੇਗਾ। ਇਹ ਦੂਸਰਾ ਪਤਾ ਤੁਸੀਂ ਕਿਸੇ ਵੀ ਮਿਤਰ ਸਨੇਹੀ ਜਾਂ ਗੁਰਮਤਿ ਸਾਹਿਤ ਪੜ੍ਹਨ ਦੇ ਚਾਹਵਾਨ ਸੱਜਣ ਦਾ ਦੇ ਸਕਦੇ ਹੋ। ਇਸੇ ਪ੍ਰਕਾਰ ਨਵੇਂ ਬਣਨ ਵਾਲੇ ਲਾਈਫ਼ ਮੈਂਬਰ ਦੋ ਥਾਵਾਂ ਤੇ ਇਕ ਸਾਲ ਲਈ ਸੂਰਾ ਬਿਲਕੁਲ ਮੁਫ਼ਤ ਲਗਵਾ ਸਕਦੇ ਹਨ।


## ਅਪੀਲ

ਸਮਰੱਥ ਸੱਜਣਾਂ ਪ੍ਰਤੀ ਬੇਨਤੀ ਹੈ ਕਿ ਆਪਣੀ ਕਿਰਤ ਕਮਾਈ ਵਿਚੋਂ ਵੱਧ ਤੋਂ ਵੱਧ ਮਾਇਆ ਸੂਰਾ ਸਹਾਇਤਾ ਫੰਡ ਵਿਚ ਜਮ੍ਹਾ ਕਰਵਾ ਕੇ ਮਾਇਆ ਸਫ਼ਲੀ ਕਰੋ ਜੀ।

## ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮੌਹੱਲਾ ਜੋੜ ਮੇਲੇ ਮੌਕੇ ਸੂਰਾ ਦਾ ਸਟਾਲ

ਹੋਲਾ ਮਹੱਲਾ ਜੋੜ ਮੇਲੇ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਜ਼ਦੀਕ ਕਿਲਾ ਅਨੰਦਗੜ੍ਹ ਸਾਹਿਬ ਵਾਲੇ ਰਾਹ ਤੇ ਸੂਰਾ ਦਾ ਸਟਾਲ ਲਗਾਉਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਸੋ ਚੰਦੇ ਸਹਾਇਤਾ ਆਦਿ ਜਮ੍ਹਾ ਕਰਵਾਉਣ ਵਾਲੀਆਂ ਸੰਗਤਾਂ ਉਥੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨ ਜੀ।

## ਜ਼ਰੂਰੀ ਸੂਚਨਾ

ਸਾਰੇ ਪਾਠਕਾਂ ਪ੍ਰਤੀ ਬੇਨਤੀ ਹੈ ਕਿ ਕਿਸੇ ਵੀ ਤਰਾਂ ਦਾ ਚਿੱਠੀ ਪੱਤਰ ਭੇਜਣ ਸਮੇਂ ਵਧੇ ਹੋਏ ਡਾਕ ਖਰਚ ਦਰ ਅਨੁਸਾਰ ਪੂਰੀਆਂ ਟਿਕਟਾਂ ਲਗਾ ਕੇ ਭੇਜੋ ਜੀ। ਬੈਰੰਗ (ਬਿਨਾ ਟਿਕਟ ਤੋਂ) ਜਾਂ ਘੱਟ ਟਿਕਟਾਂ ਲੱਗੇ ਪੱਤਰ ਸੂਰਾ ਦਫ਼ਤਰ ਵੱਲੋਂ ਪ੍ਰਾਪਤ ਨਹੀਂ ਕੀਤੇ ਜਾਣਗੇ।



www.AKJ.Org

ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾਂ ਕਰਵਾ ਕੇ ਰਸੀਦ ਲਓ ਜੀ।

1. ਲੁਧਿਆਣਾ: (ੳ) ਮੁੱਖ ਦਫ਼ਤਰ ਸੂਰਾ, ਕੋਠੀ ਨੰ: 12 ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
(ਅ) ਸਬ-ਆਫਿਸ ਸੂਰਾ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ। ਫੋਨ 428194
(ੲ) ਭਾਈ ਭੁਪਿੰਦਰ ਪਾਲ ਸਿੰਘ ਜੀ, ਪ੍ਰੀਤ ਸਿਲੈਕਸ਼ਨ, ਸ਼ਾਹਪੁਰ ਰੋਡ, ਨੇੜੇ ਸੁਭਾਨੀ ਬਿਲਡਿੰਗ, ਲੁਧਿਆਣਾ, ਫੋਨ 730604
(ਸ) ਸ: ਇਕਬਾਲ ਸਿੰਘ ਜੀ ਖਾਲਸਾ ਸ਼ਾਲਜ਼ ਮੋਚਪੁਰਾ ਬਜ਼ਾਰ, ਲੁਧਿਆਣਾ।

2. ਫਗਵਾੜਾ: ਮਾਸਟਰ ਗੁਰਦਿਆਲ ਸਿੰਘ ਜੀ, ਵਿਸ਼ਵਕਰਮਾ ਕਲੋਨੀ, ਨੇੜੇ ਵਿਸ਼ਵਕਰਮਾ ਮੰਦਰ, ਬੰਗਾ ਰੋਡ, ਫਗਵਾੜਾ। ਟੈਲੀਫੋਨ 68307

3. ਚੰਡੀਗੜ੍ਹ, ਮੋਹਾਲੀ: ਭਾਈ ਫੌਜਿੰਦਰ ਸਿੰਘ ਜੀ 532/3-ਏ, ਮੋਹਾਲੀ। ਟੈਲੀਫੋਨ : 260569

4. ਕਪੂਰਥਲਾ: ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।

5. ਖਰੜ, ਮੋਰਿੰਡਾ: ਭਾਈ ਅਜੀਤ ਸਿੰਘ ਜੀ, ਮਕਾਨ ਨੰ 214, ਵਾਰਡ ਨੰ 4, ਚੰਡੀਗੜ੍ਹ ਰੋਡ, ਮੁੰਡੀ ਖਰੜ। ਟੈਲੀ: 01888-46036

6 ਪਟਿਆਲਾ: 1. ਸੰਦੀਪ ਪਾਲ ਸਿੰਘ S/o ਸ੍ਰ ਰਵੇਲ ਸਿੰਘ 654/3 ਖਾਲਸਾ ਮੁਹੱਲਾ ਧਰਮਪੁਰਾ ਬਜ਼ਾਰ ਪਟਿਆਲਾ ਟੈਲੀ. 228703
2 ਸੁਲੱਖਣ ਸਿੰਘ ਖਾਲਸਾ ਨਿਸ਼ਾਨ ਸਟੋਰ ਦੁਕਾਨ ਨੰ 14/15 ਗੁ ਦੁਖ ਨਿਵਾਰਨ ਬਜ਼ਾਰ ਪਟਿਆਲਾ ਟੈਲੀ. 361415

7. ਅੰਮ੍ਰਿਤਸਰ: 1. ਭਾਈ ਸਤਨਾਮ ਸਿੰਘ ਜੀ, ਪਿੰਡ ਚਾਚੋਵਾਲੀ, ਡਾਕਖਾਨਾ ਜੈਂਤੀਪੁਰਾ।
2. ਭਾਈ ਹਰਭਜਨ ਸਿੰਘ ਜੀ, 4969-ਅਜ਼ਾਦ ਨਗਰ, ਨੇੜੇ ਟਿਊਬਵੈਲ, ਤਾਰਾ ਸਿੰਘ ਕੋਟ ਖਾਲਸਾ, ਅੰਮ੍ਰਿਤਸਰ।
3 ਭਾਈ ਪਰਮਜੋਤ ਸਿੰਘ ਰੁਮਾਲੇ ਵਾਲੇ ਗੁਰੂ ਰਾਮ ਦਾਸ ਨਗਰ ਸੁਲਤਾਨਵਿੰਡ ਰੋਡ ਨੇੜੇ ਗ੍ਰਹਿ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਅੰਮ੍ਰਿਤਸਰ Tel .0183 -581509

8. ਯਮੁਨਾਨਗਰ: ਭਾਈ ਇਕਬਾਲ ਸਿੰਘ ਜੀ, 536-ਲੋਹਾਰਾ ਗਲੀ, ਜਗਾਧਰੀ।

9. ਫਿਰੋਜ਼ਪੁਰ: ਭਾਈ ਬਲਵਿੰਦਰ ਸਿੰਘ, ਹਾਤਾ ਨੰ: 48, ਬਜ਼ਾਰ ਨੰ: 1, ਫਿਰੋਜ਼ਪੁਰ ਛਾਉਣੀ।

10. ਪਠਾਨਕੋਟ: ਸ: ਹਰਭਜਨ ਸਿੰਘ M.E.S. ਪਠਾਨਕੋਟ।

11. ਅੰਬਾਲਾ: 1. ਭਾਈ ਮਨੋਹਰ ਸਿੰਘ ਜੀ ਪਿੰਡ ਤੇ ਡਾਕਖਾਨਾ ਨਸਰਾਲੀ ਵਾਇਆ ਜਤਵਾੜ ਅੰਬਾਲਾ ਸ਼ਹਿਰ।
2 ਭਾਈ ਭਗਵਾਨ ਸਿੰਘ ਵੈਦ 10 ਵੀਟਾ ਐਨਕਲੇਵ ਨੇੜੇ ਮਿਲਕ ਪਲਾਂਟ ਬਲਦੇਵ ਨਗਰ ਅੰਬਾਲਾ ਸ਼ਹਿਰ

12. ਬਠਿੰਡਾ: ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ 7819, ਨੇੜੇ ਡੰਗਰਾਂ ਦਾ ਹਸਪਤਾਲ । ਫੋਨ : 217743

13. ਧੂਰੀ: ਮਾਸਟਰ ਹਰਭਜਨ ਸਿੰਘ ਜੀ, ਜਨਤਾ ਨਗਰ, ਨੇੜੇ ਵੀਨਸ ਗੈਸ ਏਜੰਸੀ, ਧੂਰੀ।

14. ਸਰਹੰਦ: ਸ: ਰੁਪਿੰਦਰ ਸਿੰਘ ਜੀ, ਨੇੜੇ ਭਾਰਤ ਪੈਟਰੋਲੀਅਮ ਗੈਸ ਗੋਦਾਮ, ਸਿਨੇਮਾ ਰੋਡ, ਸਰਹੰਦ, ਜ਼ਿਲਾ ਫਤਹਿਗੜ੍ਹ ਸਾਹਿਬ, ਟੈਲੀਫੋਨ 01763-20760

15. ਪਾਉਂਟਾ ਸਾਹਿਬ: ਭਾਈ ਪਰਮਜੀਤ ਸਿੰਘ ਜੀ, ਗੁਰੂ ਰਾਖਾ ਇੰਟਰਪ੍ਰਾਈਜ਼ਿਜ਼, ਪਾਉਂਟਾ ਸਾਹਿਬ ਹਿਮਾਚਲ ਪ੍ਰਦੇਸ਼ Tel. Shop 22367 Resi 24067

16. ਬਟਾਲਾ ਭਾਈ ਸੁਖਰਾਜ ਸਿੰਘ ਜੀ ਸਾਹਮਣੇ ਗੁਰੂ ਨਾਨਕ ਦੇਵ ਅਕੈਡਮੀ ਜਲੰਧਰ ਰੋਡਟੈਲੀ :46566

17. ਦਿੱਲੀ ਗੁਰਪ੍ਰੀਤ ਸਿੰਘ 670 ਡਾਕਟਰ ਮੁਖਰਜੀ ਨਗਰ ਦਿੱਲੀ ਟੈਲੀ: 7654833

18. ਇੰਗਲੈਂਡ: ਭਾਈ ਹਰਦੀਪ ਸਿੰਘ ਜੀ, 218, Wexhan Road, Slough Berks SL2 5JP.Tel: 01753-530624

19. ਅਮਰੀਕਾ: ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ ਫੋਨ : 18007226212

20. ਕੈਨੇਡਾ: ਭਾਈ ਰਿਪੁਦਮਨ ਸਿੰਘ, ਮਲਿਕ ਸਿੰਘ, ਫੋਨ : 18006630224

21. ਆਸਟ੍ਰੇਲੀਆ: ਭਾਈ ਪਰਸ਼ੋਤਮ ਸਿੰਘ ਜੀ, ਫੋਨ : 0061-69634841

22. ਨਿਊਜ਼ੀਲੈਂਡ: ਭਾਈ ਮਹਿੰਦਰ ਸਿੰਘ ਜੀ, ਫੋਨ : 092702755

---

'ਸੂਰਾ' ਮਾਸਿਕ ਪੱਤਰ ਦੀ ਮਾਲਕੀ ਆਦਿ ਤੱਥਾਂ ਦਾ ਵੇਰਵਾ ਫਾਰਮ ੪ (ਰੂਲ ੮)

੧. ਪ੍ਰਕਾਸ਼ਨ ਅਸਥਾਨ.......................................ਲੁਧਿਆਣਾ

੨. ਪ੍ਰਕਾਸ਼ਨ ਸਮਾਂ.......................................ਮਾਸਕ ਪੱਤਰ।

੩.੪.੫. ਪ੍ਰਿੰਟਰ ਪਬਲਿਸ਼ਰ ਸੰਪਾਦਕ ........................ਹਰਬੰਸ ਸਿੰਘ, ਭਾਰਤੀ

੬. ਮਾਲਕ.......................................ਅਖੰਡ ਕੀਰਤਨੀ ਜੱਥਾ

ਜੱਥੇਦਾਰ ਭਾਈ ਰਾਮ ਸਿੰਘ ਜੀ, ੧੦੨, ਰਾਣੀ ਦਾ ਬਾਗ, ਅੰਮ੍ਰਿਤਸਰ।

ਮੈਂ ਹਰਬੰਸ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਮੁਤਾਬਕ ਪੂਰੀ ਤਰ੍ਹਾਂ ਠੀਕ ਹੈ।

ਤਾਰੀਖ 1..3.2000 ਦਸਖ਼ਤ

ਹਰਬੰਸ ਸਿੰਘ


www.AKJ.Org

## ਪਿੰਡ ਕਾਲਾ ਅਫ਼ਗਾਨਾ (ਗੁਰਦਾਸਪੁਰ) ਵਿਖੇ ਰੈਣਿ ਸਬਾਈ ਕੀਰਤਨ

ਭਾਈ ਗੁਰਦੇਵ ਸਿੰਘ ਜੀ ਦੇ ਗ੍ਰਹਿ ਵਿਖੇ 11 ਮਾਰਚ ਸ਼ਨੀਵਾਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ। ਬਟਾਲੇ ਤੋਂ ਸ਼ਾਮ 6 ਵਜੇ ਬੱਸ ਚੱਲੇਗੀ।

## ਮਾਸਿਕ ਰੈਣਿ ਸਬਾਈ ਕੀਰਤਨ ਪਿੰਡ ਬੁੱਢੇਵਾਲ (ਲੁਧਿਆਣਾ) ਵਿਖੇ 11 ਮਾਰਚ ਰਾਤ ਨੂੰ

## ਗੁ: ਬਿਬੇਕਸਰ ਸਾਹਿਬ ਅੰਮ੍ਰਿਤਸਰ ਵਿਖੇ ਰੈਣਿ ਸਬਾਈ ਕੀਰਤਨ

ਹਰ ਮਹੀਨੇ ਦੀ ਤਰਾਂ ਆਖਰੀ ਸ਼ਨੀਵਾਰ ੨5 ਮਾਰਚ ਸ਼ਨੀਵਾਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

## ਬਾਬਾ ਬਕਾਲਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਗੁ: ਮਾਤਾ ਗੰਗਾ ਜੀ ਵਿਖੇ 30 ਮਾਰਚ ਸਵੇਰੇ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਉਪ੍ਰੰਤ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ। ਅਪ੍ਰੈਲ ਸਵੇਰੇ 6 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪ੍ਰੰਤ ਦੁਪਹਿਰ ਤੱਕ ਕੀਰਤਨ ਸਮਾਗਮ ਸਜਣਗੇ। ਸ਼ਾਮ ਸੋਦਰ ਉਪ੍ਰੰਤ ਰੈਣਿ ਸਬਾਈ ਕੀਰਤਨ ਸਮਾਗਮ ਅਤੇ ਅੰਮ੍ਰਿਤ ਸੰਚਾਰ ਸਮਾਗਮ ਸਜਣਗੇ।

## ਕੁਰਾਲੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

1 ਅਪ੍ਰੈਲ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ। ੨ ਅਪ੍ਰੈਲ ਐਤਵਾਰ ਸਵੇਰੇ 6 ਵਜੇ ਭੋਗ ਰੈਣਿ ਸਬਾਈ ਕੀਰਤਨ

## ਧਨੌਲਾ (ਸੰਗਰੂਰ) ਵਿਖੇ ਰੈਣਿ ਸਬਾਈ ਕੀਰਤਨ

ਬੀਬੀ ਕਮਲਜੀਤ ਕੌਰ ਦੀ ਯਾਦ ਵਿਚ ਗੁ: ਰਾਮਸਰ ਸਦਰ ਬਜ਼ਾਰ ਧਨੌਲਾ ਵਿਖੇ 1 ਅਪ੍ਰੈਲ ਰਾਤ ਨੂੰ ਕੀਰਤਨ ਅਖਾੜੇ ਸਜਣਗੇ। ਪਿੰਡ ਧਨੌਲਾ ਸੰਗਰੂਰ ਤੋਂ ਬਰਨਾਲਾ ਜਾਣ ਵਾਲੀ ਸੜਕ ਤੇ ਸਥਿਤ ਹੈ।

## ਵੈਸਾਖੀ 1978 ਦੇ ਸ਼ਹੀਦਾਂ ਦੀ ਯਾਦ ਵਿਚ ਅੰਮ੍ਰਿਤਸਰ ਵਿਖੇ

# ਸਾਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ

ਸਮੂਹ ਅਖੰਡ ਕੀਰਤਨੀ ਜੱਥਿਆਂ ਵੱਲੋਂ ਪੁਰਾਤਨ ਸਮਾਗਮਾਂ ਦੇ ਨਜ਼ਾਰੇ ਮਾਣਨ ਲਈ ਸਮੂਹ ਸੰਗਤਾਂ ਅਤੇ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਅੰਮ੍ਰਿਤਸਰ ਸਾਹਿਬ ਦੇ ਇਤਿਹਾਸਕ ਗੁਰਦੁਆਰਿਆਂ ਵਿਚ ਹੇਠ ਲਿਖੇ ਅਨੁਸਾਰ ਸਮਾਗਮ ਰਚਾਏ ਜਾ ਰਹੇ ਹਨ ਸਮੂਹ ਸੰਗਤਾਂ ਹੁਮ ਹੁਮਾ ਕੇ ਦਰਸ਼ਨ ਦੀਦਾਰੇ ਬਖਸ਼ੋ ਜੀ :

11 ਅਪ੍ਰੈਲ ਮੰਗਲਵਾਰ ਸਵੇਰੇ 4 ਤੋਂ 7 ਕੀਰਤਨ ਸ੍ਰੀ ਆਸਾ ਦੀ ਵਾਰ ਉਪ੍ਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਗੁ: ਅੰਗੀਠਾ ਸਾਹਿਬ (1978 ਦੇ ਸ਼ਹੀਦਾਂ ਦੇ ਸੰਸਕਾਰ ਵਾਲੀ ਥਾਂ) ਵਿਖੇ। ਸ਼ਾਮ 6.30 ਤੋਂ 9 ਵਜੇ ਤੱਕ ਸੋਦਰ ਦੀ ਚੌਂਕੀ ਤੇ ਕੀਰਤਨ ਗੁ: ਸਾਹਿਬ ਸ਼ਹੀਦਗੰਜ ਬਾਬਾ ਦੀਪ ਸਿੰਘ ਸ਼ਹੀਦ ਵਿਖੇ।

1੨ ਅਪ੍ਰੈਲ ਬੁਧਵਾਰ ਸਵੇਰੇ 6 ਤੋਂ 1੨ ਵਜੇ ਤੱਕ ਕੀਰਤਨ ਗੁ: ਸਾਹਿਬ ਰਾਮਸਰ ਸਾਹਿਬ ਵਿਖੇ ਸ਼ਾਮ 6.30 ਤੋਂ 9 ਵਜੇ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੀਰਤਨ।

13 ਅਪ੍ਰੈਲ ਵੀਰਵਾਰ ਸਵੇਰੇ 5 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਗੁ: ਅੰਗੀਠਾ ਸਾਹਿਬ ਵਿਖੇ ਉਪ੍ਰੰਤ ਕੀਰਤਨ ਦੁਪਹਿਰ ਤੱਕ ਗੁ: ਰਾਮਸਰ ਸਾਹਿਬ ਵਿਖੇ। ਸ਼ਾਮ 7 ਵਜੇ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਗੁ: ਬਿਬੇਕਸਰ ਸਾਹਿਬ ਵਿਖੇ।


ਅੰਮ੍ਰਿਤ ਸੰਚਾਰ ਸਮਾਗਮ :- 13 ਅਪ੍ਰੈਲ ਵੀਰਵਾਰ ਸ਼ਾਮ ਨੂੰ 7 ਵਜੇ ਗੁ: ਅੰਗੀਠਾ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਆਰੰਭ ਹੋਣਗੇ।

ਰਿਹਾਇਸ਼ ਅਤੇ ਲੰਗਰ :- ਸੰਗਤਾਂ ਦੀ ਰਿਹਾਇਸ਼ ਤੇ ਲੰਗਰ ਦਾ ਸਾਰਾ ਇੰਤਜ਼ਾਮ ਗੁਰੂ ਰਾਮਦਾਸ ਸੀ: ਸੈਕੰਡਰੀ ਸਕੂਲ ਅਤੇ ਗੁਰੂ ਨਾਨਕ ਕੰਨਿਆ ਪਾਠਸ਼ਾਲਾ ਵਿਖੇ ਹੋਵੇਗਾ ਜੀ ।

**ਦਾਸਰੇ :- ਅਖੰਡ ਕੀਰਤਨੀ ਜੱਥਾ ਅੰਮ੍ਰਿਤਸਰ, ਤਰਨਤਾਰਨ ਅਤੇ ਸਮੂਹ ਅਖੰਡ ਕੀਰਤਨੀ ਜੱਥੇ ਸਰਬ ਹਿੰਦ।**


www.AKJ.Org

# ਸਿੰਘਾਂ ਦੀ ਦਿੱਲੀ ਤੇ ਫਤਹ



ਕਰੋੜੀਆ ਮਿਸਲ ਦੇ ਸਰਦਾਰ ਬਘੇਲ ਸਿੰਘ ਜੀ ਨੇ 9 ਮਾਰਚ 1783 ਨੂੰ ਦਿੱਲੀ ਤੇ ਚੜ੍ਹਾਈ ਕਰਕੇ ਮੁਗਲ ਫੌਜਾਂ ਨੂੰ ਹਰਾ ਕੇ ਲਾਲ ਕਿਲ੍ਹਾ ਦਿੱਲੀ ਤੇ ਖਾਲਸਈ ਕੇਸਰੀ ਨਿਸ਼ਾਨ ਝੁਲਾਇਆ ਅਤੇ ਮੁਗ਼ਲ ਸਮਰਾਟ ਤੋਂ ਤਿੰਨ ਲੱਖ ਰੁ: ਤਾਵਾਨ ਵਸੂਲ ਕਰਕੇ ਦਿੱਲੀ ਦੇ [illegible]ੀਆਂ ਇਮਾਰਤਾਂ ਉਸਾਰੀਆਂ।

www.AKJ.Org

P.O. Regd. No. PB/LD/121/99

# ਗੁਰਦੁਆਰਾ ਪਾਉਂਟਾ ਸਾਹਿਬ ਜ਼ਿਲ੍ਹਾ ਸਿਰਮੌਰ, ਹਿਮਾਚਲ ਪ੍ਰਦੇਸ਼



ਦਸਮ ਪਾਤਸ਼ਾਹ ਦੇ ਇਸ ਪਾਵਨ ਅਸਥਾਨ ਤੇ ਵੀ ਸ਼੍ਰੀ ਅਨੰਦਪੁਰ ਸਾਹਿਬ ਵਾਂਗ ਹੋਲੇ ਮਹੱਲੇ ਮੌਕੇ ਬੇਅੰਤ ਸੰਗਤਾਂ ਪਹੁੰਚਦੀਆਂ ਹਨ।

R.N.I. No. 12245/66

SURA (Monthly) Kothi No. 12, Block-1. BHAI RANDHIR SINGH NAGAR, LUDHIANA-144 004

www.AKJ.Org